BEST DEAL TRAVEL INC. WE'LL SHOW YOU THE WORLD
LICENSE # BCCP 79578
SPECIAL FARE TO INDIA
BEST DEAL TRAVEL INC.
#120 13740 72A Ave Surrey BC
YOU CAN CONTACT US AT WHATSAPP ALSO PARDEEP SANDHU
778-895-5422

ROYAL TOUCH HOMES "DREAMS TO REALTY"
-CONTRACTING -CUSTOM HOMES -LICENSED BUILDER -FRAMING
ਲੋਅਰਮੇਨਲੈਂਡ-ਫਰੇਜਰ ਵੈਲੀ ਵਿਚ ਆਪਣਾ ਸੁਪਨਿਆਂ ਦਾ ਘਰ ਬਣਾਉਣ ਲਈ ਸਾਡੇ ਨਾਲ ਸੰਪਰਕ ਕਰੋ
JASVIR S. SANGHA: 778-847-9128 BUILDER

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Otttawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 31, Issue No. 11, Ending Date:Mar 15, 2024

IDEAL UPFITTERS ...It's arranged.
BC based Truck and Van Up fitting Company
We provide quality Vans & Specialty Vehicles upfitting that provides custom specialty vehicle upfit services to a wide variety of trades and industries.
* ਸ਼ੈਲਫਾਂ
* ਵਾਲ ਲਾਈਨਿੰਗ ਕਿੱਟ & ਫਲੋਰ
* ਸੇਫਟੀ ਪਾਰਟੀਸ਼ਨ
* ਡਰਾਅਰ ਸਿਸਟਮ
* ਲੈਡਰ ਰੈਕਸ
* ਵਰਕ ਬੈਂਚ
* ਲਾਈਟਿੰਗ
* ਕੰਪਰੈਸਰਜ
* ਪਾਵਰ ਇਨਵਰਟਰ
* ਸੀਟ ਕਵਰ
* ਅਸੈਸਰੀ
* ਕਸਟਮ ਕੈਬਨਿਟਸ
WWW.IDEALUPFITTERS.COM
info@idealupfitters.com
MONDAY TO FRIDAY 9am-5pm SATURDAY By appointments only SUNDAY CLOSED
PH:604-599-0096
#7-12468-82Ave Surrey, BC, V3W 3E9

# ਤ੍ਰਿਣਮੂਲ ਵਿਧਾਇਕ ਨੇ ਰਾਮ ਮੰਦਰ ਨੂੰ ਕਿਹਾ 'ਅਪਵਿੱਤਰ'


ਕੋਲਕਾਤਾ:ਪੱਛਮੀ ਬੰਗਾਲ ਵਿੱਚ ਹੁਗਲੀ ਜ਼ਿਲ੍ਹੇ ਦੇ ਤਾਰਕੇਸ਼ਵਰ ਵਿਧਾਨ ਸਭਾ ਹਲਕੇ ਤੋਂ ਤ੍ਰਿਣਮੂਲ ਕਾਂਗਰਸ ਦੇ ਵਿਧਾਇਕ ਸਿਨਹਾ ਰਾਏ ਨੂੰ ਉੱਤਰ ਪ੍ਰਦੇਸ਼ ਦੇ ਅਯੁੱਧਿਆ ਵਿੱਚ ਰਾਮ ਮੰਦਰ ਨੂੰ 'ਅਪਵਿੱਤਰ' ਦੱਸਦੇ ਹੋਏ ਦੇਖਿਆ ਅਤੇ ਸੁਣਿਆ ਗਿਆ ਇੱਕ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਪੱਛਮੀ ਬੰਗਾਲ ਵਿੱਚ ਸਿਆਸੀ ਹਲਚਲ ਮੱਚ ਗਈ ਹੈ। "ਮੈਨੂੰ ਲੱਗਦਾ ਹੈ ਕਿ ਕਿਸੇ ਵੀ ਭਾਰਤੀ ਹਿੰਦੂ ਨੂੰ ਰਾਮ ਮੰਦਰ ਵਿੱਚ ਪੂਜਾ ਕਰਨ ਲਈ ਨਹੀਂ ਜਾਣਾ ਚਾਹੀਦਾ, ਜੋ ਕਿ ਮੇਰੇ ਅਨੁਸਾਰ ਇੱਕ ਅਪਵਿੱਤਰ ਸਥਾਨ ਹੈ। ਇਹ ਇੱਕ ਸ਼ੋਪੀਸ ਤੋਂ ਇਲਾਵਾ ਕੁਝ ਨਹੀਂ ਹੈ।" ਵੀਡੀਓ ਫੁਟੇਜ ਮੁਤਾਬਕ ਸਿਨਹਾ ਰਾਏ ਨੂੰ ਇੱਕ ਜਨਤਕ ਮੀਟਿੰਗ ਵਿੱਚ ਇਹ ਕਹਿੰਦੇ ਸੁਣਿਆ ਗਿਆ। ਟਿੱਪਣੀ 'ਤੇ ਪ੍ਰਤੀਕਿਰਿਆ ਕਰਦੇ ਹੋਏ, ਪੱਛਮੀ ਬੰਗਾਲ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਵੇਂਦੂ ਅਧਿਕਾਰੀ ਨੇ ਕਿਹਾ ਕਿ ਉਹ ਇਸ ਵਿਅਕਤੀ ਦੇ ਖਿਲਾਫ "ਇਸ ਤਰ੍ਹਾਂ ਦੇ ਨਫ਼ਰਤ ਭਰੇ ਬਿਆਨ ਦੇ ਕੇ ਦੁਨੀਆ ਭਰ ਦੇ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਐਫਆਈਆਰ ਦਰਜ ਕਰਵਾਉਣਗੇ। ਇਹ ਤ੍ਰਿਣਮੂਲ ਕਾਂਗਰਸ ਦੇ ਨੇਤਾਵਾਂ ਦਾ ਅਸਲ ਸੁਭਾਅ ਹੈ। ਹਿੰਦੂਆਂ 'ਤੇ ਹਮਲਾ ਕਰਨ ਦੀ ਉਨ੍ਹਾਂ ਦੀ ਹਿੰਮਤ ਇੰਨੀ ਵੱਧ ਗਈ ਹੈ ਕਿ ਹੁਣ ਉਹ ਹਿੰਦੂਆਂ ਦੇ ਪਵਿੱਤਰ ਅਸਥਾਨ ਭਗਵਾਨ ਸ਼੍ਰੀ ਰਾਮ ਦੇ ਪਵਿੱਤਰ ਮੰਦਰ ਨੂੰ ਅਪਵਿੱਤਰ ਕਹਿੰਦੇ ਹਨ, "ਵਿਰੋਧੀ ਨੇਤਾ ਨੇ ਕਿਹਾ। ਉਸ ਨੇ ਇਸ ਵੀਡੀਓ ਨੂੰ ਆਪਣੇ ਸੋਸ਼ਲ ਮੀਡੀਆ ਅਕਾਊਂਟ ਐਕਸ 'ਤੇ ਵੀ ਸ਼ੇਅਰ ਕੀਤਾ ਹੈ। ਤਾਰਕੇਸ਼ਵਰ ਤੋਂ ਪਾਰਟੀ ਵਿਧਾਇਕ ਹੋਣ ਦੇ ਨਾਲ-ਨਾਲ ਸਿਨਹਾ ਰਾਏ ਸੱਤਾਧਾਰੀ ਪਾਰਟੀ ਦੇ ਆਰਮਬਾਗ ਸੰਗਠਨਾਤਮਕ ਜ਼ਿਲ੍ਹੇ ਦੇ ਪ੍ਰਧਾਨ ਵੀ ਹਨ। ਆਈਏਐਨਐਸ ਦੁਆਰਾ ਵਾਰ-ਵਾਰ ਕੋਸ਼ਿਸ਼ਾਂ ਦੇ ਬਾਵਜੂਦ, ਸਿਨਹਾ ਰਾਏ ਇਸ ਮਾਮਲੇ 'ਤੇ ਆਪਣੀ ਟਿੱਪਣੀ ਲਈ ਉਪਲਬਧ ਨਹੀਂ ਸਨ।



# ਰੂਸ ਵਿਚ ਪੰਜਾਬੀ ਨੌਜਵਾਨਾਂ ਨੂੰ ਜ਼ਬਰੀ ਭੇਜਿਆ ਜਾ ਰਿਹੈ ਯੁਕਰੇਨ ਯੰਗ ਵਿਚ

"ਸਾਨੂੰ ਗਲੀ ਵਿੱਚੋਂ ਬਾਹਰ ਨਿਕਲਣ 'ਤੇ ਵੀ ਡਰ ਲੱਗਦਾ ਹੈ ਕਿ ਕੋਈ ਸਾਨੂੰ ਉਸ ਬਾਰੇ ਪੁੱਛੇਗਾ ਤਾਂ ਅਸੀਂ ਕੀ ਜਵਾਬ ਦੇਵਾਂਗੇ। ਸਾਨੂੰ ਸਾਰੀ-ਸਾਰੀ ਰਾਤ ਉਸ ਦੇ ਮੈਸਜ ਜਾਂ ਫੋਨ ਦੀ ਉਡੀਕ ਰਹਿੰਦੀ ਹੈ। ਇਹ ਬੋਲ ਹਨ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ 'ਚ ਪੈਂਦੇ ਕਲਾਨੌਰ ਕਸਬੇ ਦੇ ਪਿੰਡ ਡੇਹਰੀਵਾਲ ਕਿਰਨ ਦੇ ਵਸਨੀਕ ਬਲਵਿੰਦਰ ਕੌਰ ਦੇ। ਉਨ੍ਹਾਂ ਦਾ ਪੁੱਤਰ ਗਗਨਦੀਪ ਸਿੰਘ ਕਥਿਤ ਤੌਰ ਉੱਤੇ ਯੁਕਰੇਨ-ਰੂਸ ਜੰਗ ਵਿੱਚ ਫਸ ਗਿਆ ਹੈ। ਹਾਲ ਹੀ ਵਿੱਚ ਸੱਤ ਨੌਜਵਾਨਾਂ ਦੀ ਇੱਕ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਹੈ। ਜਿਸ ਵਿੱਚ ਉਹ ਆਪਣਾ ਹਾਲ ਬਿਆਨਦੇ ਹੋਏ ਨਜ਼ਰ ਆਉਂਦੇ ਹਨ। ਇਸ ਵੀਡੀਓ ਵਿਚਲੇ ਨੌਜਵਾਨ ਕਹਿੰਦੇ ਹਨ ਕਿ ਉਹ ਰੂਸ ਵਿੱਚ ਘੁੰਮਣ ਲਈ ਆਏ ਸਨ, ਜਿੱਥੇ ਉਨ੍ਹਾਂ ਨੂੰ ਫੜ ਲਿਆ ਗਿਆ ਅਤੇ ਕਿਹਾ ਗਿਆ ਕਿ 'ਤੁਹਾਡੀ ਸਲਿੱਪ ਖ਼ਤਮ' ਹੋ ਗਈ ਹੈ। ਉਹ ਅੱਗੇ ਕਹਿੰਦੇ ਹਨ, "ਸਾਨੂੰ ਇਹ ਤਜ਼ਵੀਜ਼ ਦਿੱਤੀ ਗਈ ਕਿ ਤੁਸੀਂ ਫੌਜ ਵਿੱਚ ਹੈਲਪਰ ਦੇ ਤੌਰ ਉੱਤੇ ਸ਼ਾਮਲ ਹੋ ਜਾਵੋ ਅਤੇ ਇੱਕ ਸਾਲ ਬਾਅਦ ਤੁਸੀਂ ਜਾ ਸਕਦੇ ਹੋ, ਸਾਨੂੰ ਹੁਣ ਯੁਕਰੇਨ ਲਿਆਂਦਾ ਗਿਆ ਹੈ, ਜਿੱਥੇ ਸਾਨੂੰ ਜੰਗ ਵਿੱਚ ਭੇਜਿਆ ਜਾ ਰਿਹਾ ਹੈ।"

ਇੱਕ ਹੋਰ ਵੀਡੀਓ ਵਿੱਚ ਉਨ੍ਹਾਂ ਵਿੱਚੋਂ ਇੱਕ ਨੌਜਵਾਨ ਨੂੰ ਹਿੰਦੀ ਵਿੱਚ ਇਹ ਕਹਿੰਦੇ ਵੀ ਸੁਣਿਆ ਜਾ ਸਕਦਾ ਹੈ, "ਇੱਕ ਏਜੰਟ ਨੇ ਸਾਨੂੰ ਬੇਲਾਰੂਸ ਲੈ ਕੇ ਜਾਣ ਦੀ ਪੇਸ਼ਕਸ਼ ਕੀਤੀ ਸਾਨੂੰ ਨਹੀਂ ਪਤਾ ਸੀ ਕਿ ਸਾਨੂੰ ਉੱਤੇ ਜਾਣ ਲਈ ਵੀਜ਼ਾ ਦੀ ਲੋੜ ਹੋਵੇਗੀ ਅਸੀਂ ਬੇਲਾਰੂਸ ਜਾ ਕੇ ਉਸ ਨੂੰ ਪੈਸੇ ਦਿੱਤੇ ਪਰ ਉਸ ਨੇ ਹੋਰ ਪੈਸੇ ਮੰਗੇ ਅਤੇ ਸਾਨੂੰ ਸੜਕ ਵਿਚਕਾਰ ਛੱਡ ਦਿੱਤਾ।"



ਇਨ੍ਹਾਂ 7 ਨੌਜਵਾਨਾਂ ਵਿੱਚੋਂ 5 ਨੌਜਵਾਨਾਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ (ਬਾਕੀ ਸਫਾ ਬੀ-04 ਤੇ)

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
• Purchases with 5% Down Payment
• Refinance & Renewals at Best Rates
• Self-employment - Special Programs
• Second Mortgage & Equity Loans (No Income Verification)
• Private financing - Easy Approvals
• Low Income & Bad Credit Financing
Satnam Saroya
Mortgage Specialist
604.760.9172
# 384-8148 128 St, Surrey
(Payal Buss. Centre)

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
"ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।"
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ • ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸ ਪੀ, ਆਰ ਆਰ ਐਸ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੋਵਿੰਸ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
Insurance ਸਾਡੇ ਕੋਲ 10, 15, 20 ਸਾਲਾਂ ਦੇ ਗਰੰਟਿਡ ਪਲੈਨ ਹਨ।
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
ਸੰਤੋਖ ਸਿੰਘ ਸਿੱਧੂ
604-852-2204

TD
Sukhvir Singh Dheria
Manager, Mobile Mortgage Specialist
778-982-0888
sukhvir.dheria@td.com
Easy Mortgage Approvals

We Moved To New Location
27441-FRASER HWY. ALDERGROVE, BC
Universal Auto Collision Ltd.
• ICBC Claims ਆਈ. ਸੀ. ਬੀ. ਕਲੇਮਜ਼
• Private Claims ਪ੍ਰਾਈਵੇਟ ਕਲੇਮਜ਼
• Free Courtesy Cars ਫਰੀ ਕਰਟਸੀ ਕਾਰ
• Auto Glass Replacement ਆਟੋ ਗਲਾਸ ਰਿਪਲੇਸਮੈਂਟ
• Free Estimates ਫਰੀ ਐਸਟੀਮੇਟ
Ph. 604-596-2800
Fax: 604-596-3800
Satisfaction Guarantee

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜ਼ਿਊਲਰਜ਼ ਲਿ:
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA Accredited Agent
SIDHU TRAVEL LTD.
ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਵਾਜਿਬ ਰੇਟ 'ਤੇ ਟਿਕਟਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ:
Rani Sidhu (Manager)
Ph: 604-504-3400
Email : sidhutravel13@gmail.com
BESTWAY Foreign Exchange Ltd.
www.bestwayforeignexchange.com
Sony Sidhu (Zira)
Ph: 778-246-2500
604-592-2676
Unit 109, 12830-80 Ave York Centre Surrey

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ। ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

ਮੌਰਟਗੇਜ ਦੇ ਮਾਹਿਰ
MORTGAGE ALLIANCE
Avineet Kalsey
Mortgage Consultant
604.763.3000
• ਘਰਾਂ ਦੀ ਮੌਰਟਗੇਜ • ਸੈਕਿੰਡ ਮੌਰਟਗੇਜ
• ਕੌਂਸਟ੍ਰਕਸ਼ਨ • ਕਮਰਸ਼ੀਅਲ
akalsey@mortgagealliance.com
MortgageAlliance.com/AvineetKalsey
CROSSTOWN
20 YEARS Anniversary
#1A - 2497 Clearbrook Rd, Abbotsford, BC V2T 2Y3
#205 - 12033 92A Ave. Surrey, BC V3V 4B8
Corp Office : 310-130 Brew St. Port Moody, BC V3H 0E3

Space Available for your Ad
ਪੰਜਾਬ ਗਾਰਡੀਅਨ ਨਾਲ ਐਡ ਪਾਉ ਅਤੇ ਆਪਣਾ ਬਿਜ਼ਨਸ ਵਧਾਓ

GOYAL CONSULTANT & PRINTING SERVICES
Contact:1-604-993-3037
2 Locations to Serve You
ABBOTSFORD 2599 Cedar Park Pl | SURREY 12436-74Ave
Email: goyalconsultants7@gmail.com
We are open 7 days a week 08:00 AM TO 09:00 PM (By Appointment Only)
• ਇੰਡੀਅਨ ਪਾਸਪੋਰਟ ਐਪਲੀਕੇਸ਼ਨ(ਰੀਨਿਊ/ਨਾਮ ਬਦਲੀ)
• ਇੰਡੀਅਨ ਵੀਜ਼ਾ ਐਪਲੀਕੇਸ਼ਨ
• ਓਸੀਆਈ ਐਪਲੀਕੇਸ਼ਨ
• ਪੁਲਿਸ ਕਲੀਅਰੈਂਸ ਸਰਟੀਫਿਕੇਸ਼ਨ ਐਪਲੀਕੇਸ਼ਨ
• ਕਨੇਡੀਅਨ ਪਾਸਪੋਰਟ ਐਪਲੀਕੇਸ਼ਨ (ਨਵੀਂ/ਰੀਨਿਊ)
• ਯੂ ਐਸ ਵੀਜ਼ਾ ਐਪਲੀਕੇਸ਼ਨ ਅਤੇ ਅਪਾਇੰਟਮੈਂਟ
• Schengen ਵੀਜ਼ਾ ਐਪਲੀਕੇਸ਼ਨ (ਯੂਰਪ)
• ਯੂਕੇ/ਆਸਟਰੇਲੀਆ/ਨਿਊਜ਼ੀਲੈਂਡ ਵੀਜ਼ਾ ਐਪਲੀਕੇਸ਼ਨ


FARM AND SPICE
Special Offers
March 8-14
Daily Specials on
Open 7 Days a Week
8.30 am to 9.00 pm
ਐਸੋਰਟਿਡ ਕੁਕੀਜ਼
Toasted tradition
Assorted Cookies 1.5 Lbs
$5.99 each
ਲਸਣ
Garlic 3's
69¢ each
ਧਨੀਆ
Cilantro
79¢ each
ਆਵੋਕਾਡੋ
Avocado
99¢ each
ਸੇਬ
Apple
Ambrosia/Gala/
Red Delicious
99¢ /lb
ਨਿੰਬੂ
Lemon
2 for $1.00
ਸੰਤਰੇ
Oranges
Large/Small
$1.49 /lb
ਘੀਆ
Opo Long
$1.49 /lb
ਅਦਰਕ
Ginger
$1.99 /lb
ਸੈਲਰੀ
Celery
$1.99 each
ਸ਼ਾਨ ਵਰਮੀਸੈਲੀ
Shan
Vermicelli
2 for 99¢
ਰੂਹ ਆਫਜ਼ਾ
Roohafza
Pakistani 800ml
$3.99 each
ਸ਼ੇਰ ਵੇਸਣ
Sher
Besan 4lb
$4.99 each
ਖਜੂਰ
Datcha
Dates 680 g
$6.99 each
ਬਾਸਮਤੀ ਚਾਵਲ
Elite Rice
Super long Basmati
8lb
$9.99 each
ਸਾਨੀਆ ਤੇਲ
Sania Oil
Sunflower 5 ltr
$16.99 each
ਆਸ਼ੀਰਵਾਦ ਆਟਾ
Aashirvaad
Whole Wheat Atta 20 lbs
$19.99 each
http://farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323

# ਨੇਵੀ ਅਤੇ ਫ਼ੌਜ ਵਿਚ ਵੀ ਹਿੰਦੂਤਵ ਸੋਚ ਨੂੰ ਲਾਗੂ ਕਰਕੇ ਹੁਕਮਰਾਨ ਫ਼ੌਜੀ ਅਨੁਸਾਸਨ ਦਾ ਉਡਾਅ ਰਹੇ ਹਨ ਮਜਾਕ:ਮਾਨ

ਨਵੀਂ ਦਿੱਲੀ: "ਸਮੁੱਚੇ ਇੰਡੀਆ ਮੁਲਕ ਦੇ ਹਰ ਖੇਤਰ ਵਿਚ ਹੁਕਮਰਾਨਾਂ ਨੇ ਸਭ ਵਿਧਾਨਿਕ, ਕਾਨੂੰਨੀ, ਸਮਾਜਿਕ ਕਦਰਾਂ ਕੀਮਤਾਂ ਦਾ ਘਾਣ ਕਰਕੇ ਅਤੇ ਘੱਟ ਗਿਣਤੀ ਕੌਮਾਂ ਉਤੇ ਜ਼ਬਰ ਢਾਹਕੇ ਇਥੇ ਹਿੰਦੂਤਵ ਰਾਸਟਰ ਕਾਇਮ ਕਰਨ ਲਈ ਅਮਲ ਕਰ ਰਹੇ ਹਨ।ਹੁਣ ਤਾਂ ਹੁਕਮਰਾਨਾਂ ਵੱਲੋ ਇੰਡੀਆਂ ਦੀਆਂ ਫ਼ੌਜਾਂ ਜਿਨ੍ਹਾਂ ਵਿਚ ਨੇਵੀ, ਏਅਰਫੋਰਸ ਅਤੇ ਥਲ ਸੈਨਾ ਨੂੰ ਵੀ ਬਖਸਿਆ ਨਹੀ ਗਿਆ। ਪੇਪਰਾਂ ਵਿਚ ਜੋ ਨੇਵੀ ਦੇ ਅਫਸਰਾਂ ਨੇ ਕੁੜਤੇ ਪਜਾਮੇ ਪਾ ਕੇ ਨੇਵੀ ਦੀ ਮੈਸ ਵਿਚ ਖੜ੍ਹੇ ਦਿਖਾਈ ਦੇ ਰਹੇ ਹਨ, ਇਹ ਆਦੇਸ ਵੀ ਹਿੰਦੂਤਵ ਮੋਦੀ ਹਕੂਮਤ ਦੇ ਹਿੰਦੂਵਾਦੀ ਹੁਕਮਾਂ ਦੀ ਗੱਲ ਹੈ । ਜਿਸ ਨਾਲ ਫ਼ੌਜਾਂ ਵਿਚ ਵੀ ਅਨੁਸਾਸਨ ਬਿਲਕੁਲ ਖਤਮ ਹੋ ਜਾਵੇਗਾ ਅਤੇ ਇਥੇ ਮੁਲਕ ਦੇ ਅੰਦਰੂਨੀ ਹਾਲਾਤਾਂ ਤੇ ਫ਼ੌਜ ਦੇ ਹਾਲਾਤ ਵਿਸਫੋਟਕ ਬਣ ਜਾਣਗੇ। ਜੋ ਕਿ ਇਥੋ ਦੇ ਸੂਝਵਾਨ, ਵਿਦਵਾਨਾਂ ਅਤੇ ਬੁੱਧੀਜੀਵੀਆਂ ਦੇ ਆਉਣ ਵਾਲੇ ਸਮੇ ਲਈ ਵੱਡੇ ਖਤਰੇ ਦੀ ਘੰਟੀ ਨੂੰ ਜਾਹਰ ਕਰ ਰਿਹਾ ਹੈ। ਇਸ ਨਾਲ ਫ਼ੌਜ ਦੇ ਅਫਸਰਾਂ ਦੇ ਮਾਣ ਸਨਮਾਨ ਵੀ ਖਤਮ ਹੋ ਜਾਵੇਗਾ।"



ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਨੇਵੀ ਫ਼ੌਜ ਦੇ ਅਫਸਰਾਂ ਨੂੰ ਮੈਸ ਵਿਚ ਕੁੜਤੇ ਪਜਾਮੇ ਪਾ ਕੇ ਆਉਣ ਅਤੇ ਚੱਪਲਾਂ ਪਹਿਨਣ ਦੀ ਸੁਰੂ ਕੀਤੀ ਗਈ ਜਦੋਕਿ ਇਹ ਤਾਂ ਇਕ ਨਾਇਟਸੂਟ ਵਾਲੇ ਬਸਤਰ ਹਨ, ਦੀ ਰਵਾਇਤ ਨੂੰ ਅਤਿ ਦੁੱਖਦਾਇਕ ਅਤੇ ਅਨੁਸਾਸਨਹੀਣਤਾਂ ਦੀ ਵੱਡੀ ਉਦਾਹਰਣ ਕਰਾਰ ਦਿੰਦੇ ਹੋਏ ਹੁਕਮਰਾਨਾਂ ਦੇ ਇਸ ਅਮਲ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਪਹਿਲਾ ਵੀ ਹੁਕਮਰਾਨਾਂ ਨੇ ਸੇਖਚਿਲੀ ਦੀ ਤਰ੍ਹਾਂ ਫ਼ੌਜ ਵਿਚ 4 ਸਾਲ ਲਈ ਅਗਨੀਵੀਰ ਭਰਤੀ ਦੀ ਸੁਰੂਆਤ ਕਰਕੇ ਫ਼ੌਜੀ ਅਨੁਸਾਸਨ ਅਤੇ ਫ਼ੌਜੀ ਨਿਯਮਾਂ, ਅਸੂਲਾਂ ਦਾ ਘਾਣ ਕੀਤਾ ਸੀ । ਜਦੋਕਿ 4 ਸਾਲਾਂ ਵਿਚ ਤਾਂ ਇਕ ਫ਼ੌਜੀ ਨੂੰ ਫ਼ੌਜੀ ਹਥਿਆਰਾਂ ਦੀ ਟ੍ਰੇਨਿੰਗ ਵੀ ਪੂਰੀ ਨਹੀ ਦਿੱਤੀ ਜਾ ਸਕਦੀ। ਇਹ ਅਮਲ ਫ਼ੌਜ ਦੇ ਲੰਮੇ ਸਮੇ ਤੋ ਬਣੇ ਇਖਲਾਕੀ ਮਿਆਰ, ਮਾਣ ਸਨਮਾਨ ਨੂੰ ਠੇਸ ਪਹੁੰਚਾਉਣ ਵਾਲੇ ਹਨ । ਅਸੀ ਇਹ ਮਹਿਸੂਸ ਕਰਦੇ ਹਾਂ ਕਿ ਹਿੰਦੂਤਵ ਹੁਕਮਰਾਨਾਂ ਵੱਲੋ ਫ਼ੌਜ ਦੀ ਮੈਸ ਵਿਚ ਅਫਸਰਾਂ ਨੂੰ ਪਾਨ ਦੇ ਪੱਤੇ ਚਬਾਉਣ ਅਤੇ ਥੁੱਕਣ ਦੀ ਇਜਾਜਤ ਵੀ ਦੇ ਦੇਣਗੇ ਅਤੇ ਬਾਅਦ ਵਿਚ ਇਹ ਮੈਸ ਵਿਚ ਬੀੜੀ ਸਿਗਰਟਾਂ ਪੀਣਾਂ ਵੀ ਸੁਰੂ ਕਰਵਾ ਦੇਣਗੇ ਜੋ ਕਿ ਅਨੁਸਾਸਨ ਦੇ ਨਾਮ ਉਤੇ ਇੰਡੀਅਨ ਫ਼ੌਜ ਵਿਚ ਬਹੁਤ ਵੱਡਾ ਧੱਬਾ ਹੋਵੇਗਾ।

ਉਨ੍ਹਾਂ ਕਿਹਾ ਕਿ ਜੋ ਸਮੁੰਦਰੀ ਜਹਾਜ ਦਾ ਚਾਲਕ ਹੁੰਦਾ ਹੈ ਉਹ ਇਕ ਪਲ ਲਈ ਵੀ ਇੱਧਰ ਉੱਧਰ ਕੋਈ ਅਣਗਹਿਲੀ ਨਹੀ ਕਰ ਸਕਦਾ । ਲੇਕਿਨ ਅਜਿਹੀ ਖੁੱਲ੍ਹੇ ਕੱਪੜੇ ਪਾਉਣ ਦੀ ਜੋ ਇਜਾਜਤ ਦਿੱਤੀ ਜਾ ਰਹੀ ਹੈ ਇਹ ਤਾਂ ਫਿਰ ਆਉਣ ਵਾਲੇ ਸਮੇ ਵਿਚ ਧੋਤੀ ਪਵਾਉਣ ਦੇ ਹੁਕਮ ਵੀ ਕਰ ਦੇਣਗੇ ਜੋ ਕਿ ਫ਼ੌਜ ਦੇ ਫਖਰ ਵਾਲੇ ਨਿਯਮਾਂ ਅਸੂਲਾਂ ਦਾ ਬਿਲਕੁਲ ਘਾਣ ਕਰਨ ਦੇ ਤੁੱਲ ਕਾਰਵਾਈਆ ਹੋਣਗੀਆ।

# ਅਯੋਗ ਕਰਾਰ ਦਿੱਤੇ 6 ਹਿਮਾਚਲੀ ਵਿਧਾਇਕ ਸੁਪਰੀਮ ਕੋਰਟ ਪੁੱਜੇ



ਨਵੀਂ ਦਿੱਲੀ:ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਦੇ ਸਪੀਕਰ ਵੱਲੋਂ ਅਯੋਗ ਕਰਾਰ ਦਿੱਤੇ ਛੇ ਕਾਂਗਰਸੀ ਵਿਧਾਇਕ ਸੁਪਰੀਮ ਕੋਰਟ ਪੁੱਜ ਗਏ ਹਨ। ਇਨ੍ਹਾਂ ਵਿਧਾਇਕਾਂ ਨੂੰ ਹਾਲ ਹੀ 'ਚ ਹੋਈ ਰਾਜ ਸਭਾ ਦੀ ਚੋਣ 'ਚ ਕਰਾਸ ਵੋਟਿੰਗ ਦੇ ਮਾਮਲੇ 'ਚ ਸਪੀਕਰ ਨੇ ਅਯੋਗ ਕਰਾਰ ਦੇ ਦਿੱਤਾ ਸੀ। ਇਨ੍ਹਾਂ ਸਾਬਕਾ ਵਿਧਾਇਕਾਂ ਨੇ ਸਪੀਕਰ ਕੁਲਦੀਪ ਸਿੰਘ ਪਠਾਨੀਆ ਦੇ ਫੈਸਲੇ ਵਿਰੁੱਧ 29 ਫਰਵਰੀ ਨੂੰ ਸੁਪਰੀਮ ਕੋਰਟ 'ਚ ਦਰਖਾਸਤ ਦਾਖ਼ਲ ਕੀਤੀ ਸੀ। ਕਰਾਸ ਵੋਟਿੰਗ ਸਦਕਾ 27 ਫਰਵਰੀ ਨੂੰ ਸੀਨੀਅਰ ਕਾਂਗਰਸੀ ਆਗੂ ਅਭਿਸ਼ੇਕ ਸਿੰਘਵੀ ਰਾਜ ਸਭਾ ਦੀ ਚੋਣ ਹਾਰ ਗਏ ਸਨ ਜਦੋਂ ਕਿ ਭਾਜਪਾ ਦੇ ਹਰਸ਼ ਮਹਾਜਨ ਚੋਣ ਜਿੱਤ ਗਏ ਸਨ। ਰਾਜ ਸਭਾ ਚੋਣਾਂ 'ਚ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਦੇ ਪੱਖ 'ਚ ਮਤਦਾਨ ਕਰਨ ਵਾਲੇ ਕਾਂਗਰਸ ਦੇ ਬਾਗੀ ਵਿਧਾਇਕ ਬਾਅਦ 'ਚ ਪਾਰਟੀ ਦੇ ਵ੍ਹਿਪ ਦੀ ਉਲੰਘਣਾ ਕਰਦਿਆਂ ਬਜਟ 'ਤੇ ਮਤਦਾਨ 'ਚ ਗੈਰਹਾਜ਼ਰ ਰਹੇ ਸੀ। ਸੱਤਾਧਾਰੀ ਕਾਂਗਰਸ ਨੇ ਇਸ ਆਧਾਰ 'ਤੇ ਉਨ੍ਹਾਂ ਨੂੰ ਅਯੋਗ ਕਰਾਰ ਦੇਣ ਦੀ ਮੰਗ ਕੀਤੀ ਸੀ। ਅਯੋਗ ਕਰਾਰ ਦਿੱਤੇ ਗਏ ਵਿਧਾਇਕਾਂ 'ਚ ਰਾਜਿੰਦਰ ਰਾਣਾ, ਸੁਧੀਰ ਸ਼ਰਮਾ, ਇੰਦਰ ਦੱਤ ਲਖਨਪਾਨ, ਦਵਿੰਦਰ ਕੁਮਾਰ ਭੁੱਟੋ, ਰਵੀ ਠਾਕੁਰ ਅਤੇ ਚੇਤੰਨ ਸ਼ਰਮਾ ਸ਼ਾਮਲ ਸਨ।


**ਵਿਧਾਨ ਸਭਾ 'ਚ ਹੰਗਾਮਾ ਕਰਨ ਦੇ ਮਾਮਲੇ 'ਚ ਸੱਤ ਭਾਜਪਾ ਵਿਧਾਇਕਾਂ ਨੂੰ ਨੋਟਿਸ**

ਹਿਮਾਚਲ ਪ੍ਰਦੇਸ਼ ਵਿਧਾਨ ਸਭਾ 'ਚ 28 ਫਰਵਰੀ ਨੂੰ ਬਜਟ ਸੈਸ਼ਨ ਦੌਰਾਨ ਹੰਗਾਮਾ ਕਰਨ ਦੇ ਦੋਸ਼ ਹੇਠ ਭਾਜਪਾ ਦੇ ਸੱਤ ਵਿਧਾਇਕਾਂ ਨੂੰ ਨੋਟਿਸ ਮਿਲੇ ਹਨ। ਇਹ ਜਾਣਕਾਰੀ ਵਿਰੋਧੀ ਧਿਰ ਦੇ ਆਗੂ ਜੈਰਾਮ ਰਮੇਸ਼ ਨੇ ਦਿੱਤੀ। ਵਿਧਾਨ ਸਭਾ ਦੇ ਸਪੀਕਰ ਕੁਲਦੀਪ ਸਿੰਘ ਪਠਾਨੀਆ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਮਾਮਲਾ ਵਿਸ਼ੇਸ਼ ਅਧਿਕਾਰ ਸਮਿਤੀ ਕੋਲ ਭੇਜ ਦਿੱਤਾ ਗਿਆ ਹੈ। ਉਨ੍ਹਾਂ ਇਹ ਨਹੀਂ ਦੱਸਿਆ ਕਿ ਕਿੰਨੇ ਵਿਧਾਇਕਾਂ ਖ਼ਿਲਾਫ਼ ਕਾਰਵਾਈ ਸ਼ੁਰੂ ਕੀਤੀ ਗਈ ਹੈ। ਪਠਾਨੀਆ ਨੇ ਕਿਹਾ ਕਿ ਵਿਧਾਇਕ ਸਨਮਾਨਜਨਕ ਢੰਗ ਨਾਲ ਵਿਰੋਧ ਕਰ ਸਕਦੇ ਹਨ ਨਾਅਰੇ ਲਗਾ ਸਕਦੇ ਹਨ ਪਰ ਸਪੀਕਰ ਦੀ ਕੁਰਸੀ 'ਤੇ ਕਾਗਜ਼ ਸੁੱਟਣ ਨੂੰ ਸਹਿਣ ਨਹੀਂ ਕੀਤਾ ਜਾਵੇਗਾ।

# ਮਨੀਪੁਰ ਹਿੰਸਾ ਮਾਮਲੇ 'ਚ ਸੀਬੀਆਈ ਵੱਲੋਂ 7 ਮੁਲਜ਼ਮਾਂ ਖ਼ਿਲਾਫ਼ ਚਾਰਜਸ਼ੀਟ ਦਾਇਰ

ਨਵੀਂ ਦਿੱਲੀ-ਸੀਬੀਆਈ ਨੇ ਪਿਛਲੇ ਸਾਲ ਮਨੀਪੁਰ ਨਸਲੀ ਹਿੰਸਾ ਦੌਰਾਨ ਬਿਸ਼ਨੂਪੁਰ ਪੁਲੀਸ ਦੇ ਅਸਲਾਖਾਨੇ ਤੋਂ ਹਥਿਆਰਾਂ ਅਤੇ ਗੋਲਾ ਬਾਰੂਦ ਦੀ ਲੁੱਟ ਦੇ ਮਾਮਲੇ ਵਿੱਚ ਸੱਤ ਮੁਲਜ਼ਮਾਂ ਖ਼?ਲਾਫ਼ ਚਾਰਜਸ਼ੀਟ ਦਾਇਰ ਕੀਤੀ ਹੈ। ਸੀਬੀਆਈ ਨੇ ਅਸਾਮ ਦੇ ਗੁਹਾਟੀ ਵਿੱਚ ਕਾਮਰੂਪ (ਮੈਟਰੋ) ਵਿੱਚ ਚੀਫ਼ ਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ ਵਿੱਚ ਚਾਰਜਸ਼ੀਟ ਦਾਇਰ ਕੀਤੀ ਹੈ। ਚਾਰਜਸ਼ੀਟ 'ਚ ਨਾਮਜ਼ਦ ਕੀਤੇ ਗਏ ਮੁਲਜ਼ਮਾਂ 'ਚ ਲੈਸ਼ਰਾਮ ਪ੍ਰੇਮ ਸਿੰਘ, ਖੁਮੁਕਚਮ ਧੀਰੇਨ ਉਰਫ ਥਾਪਕਪਾ, ਮੋਇਰੰਗਥਮ ਆਨੰਦ ਸਿੰਘ, ਅਥੋਕਪਮ ਕਾਜੀਤ ਉਰਫ ਕਿਸ਼ੋਰਜੀਤ, ਲੋਕਰਾਕਪਮ ਮਾਈਕਲ ਮਾਂਗਚਾ ਉਰਫ ਮਾਈਕਲ, ਕੋਥੌਂਜਮ ਰੋਮੋਜੀਤ ਮੇਤੀ ਉਰਫ ਰੋਮੋਜੀਤ ਅਤੇ ਕੀਸ਼ਾਮ ਜੌਹਨਸਨ ਸ਼ਾਮਲ ਹਨ। ਪਿਛਲੇ ਸਾਲ 3 ਅਗਸਤ ਨੂੰ ਇੱਕ ਭੀੜ ਨੇ ਬਿਸ਼ਨੂਪੁਰ ਦੇ ਨਰਨਸੀਨਾ ਵਿੱਚ ਦੂਜੀ ਭਾਰਤੀ ਰਿਜ਼ਰਵ ਬਟਾਲੀਅਨ ਹੈੱਡਕੁਆਰਟਰ ਦੇ ਦੋ ਕਮਰਿਆਂ ਵਿੱਚੋਂ 300 ਤੋਂ ਵੱਧ ਹਥਿਆਰ ਅਤੇ 19,800 ਗੋਲਾ ਬਾਰੂਦ ਲੁੱਟਿਆ ਸੀ।

BADH
26 Years Experience in Accounting
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC
Jasbir Singh Badh



Charlesworth
insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
ICBC autoplan
"For Fast, Friendly and Reliable Service!"



Phone:
604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ
Letterheads,
Business Cards, Envelops
Invoices, Flyers,
Folding, Stitching,
Numbering, Rubbers Stamps,
Receipt Books, Brochures
All kinds of Signs and Decals
ਲੈਟਰਹੈੱਡ, ਬਿਜਨਸ ਕਾਰਡ,
ਲਫਾਫੇ, ਇਨਵੋਏਸਿਸ,
ਇਸ਼ਤਿਹਾਰ, ਫੋਲਡਿੰਗ, ਸਟਿਚਿੰਗ,
ਨੰਬਰਿੰਗ, ਰਬਰ ਸਟੈਂਪਸ, ਰਸੀਦ
ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ
ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ
ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# (ਮੁੱਖ ਪੰਨੇ ਦੀ ਬਾਕੀ)

ਦੱਸੇ ਜਾ ਰਹੇ ਹਨ। ਉਹ ਆਪਣੇ ਆਪ ਨੂੰ ਭਾਰਤ ਵਾਪਸ ਲਿਆਉਣ ਦੀ ਮੰਗ ਕਰਦਿਆਂ ਕਹਿੰਦੇ ਹਨ, "ਸਾਨੂੰ ਬਚਾ ਲਓ ਨਹੀਂ ਤਾਂ ਇਹ ਸਾਨੂੰ ਜੰਗ ਵਿੱਚ ਤੋਰਨਗੇ, ਸਾਡਾ ਬਚਣਾ ਮੁਸ਼ਕਲ ਹੈ।"ਇਨ੍ਹਾਂ 7 ਨੌਜਵਾਨਾਂ ਵਿੱਚੋਂ ਕਰੀਬ 5 ਨੌਜਵਾਨ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਨਾਲ ਸਬੰਧਤ ਦੱਸੇ ਜਾ ਰਹੇ ਹਨ। ਇਨ੍ਹਾਂ ਨੌਜਵਾਨਾਂ ਵਿੱਚ ਗੁਰਦਾਸਪੁਰ ਦੇ ਪਿੰਡ ਡੇਹਰੀਵਾਲ ਕਿਰਨ ਦਾ ਗਗਨਦੀਪ ਸਿੰਘ, ਹੁਸ਼ਿਆਰਪੁਰ ਦੇ ਹਰਟਾ ਪਿੰਡ ਦਾ ਗੁਰਪ੍ਰੀਤ ਸਿੰਘ ਅਤੇ ਹਰਿਆਣਾ ਦੇ ਕਰਨਾਲ ਦਾ ਹਰਸ਼ ਵੀ ਸ਼ਾਮਿਲ ਹੈ।

ਤਕਰੀਬਨ ਦੋ ਸਾਲ ਤੋਂ ਰੂਸ ਅਤੇ ਯੂਕਰੇਨ ਦਰਮਿਆਨ ਯੁੱਧ ਜਾਰੀ ਹੈ। ਭਾਰਤੀ ਮੀਡੀਆ ਵਿੱਚ ਛਪੀਆਂ ਰਿਪੋਰਟਾਂ ਮੁਤਾਬਕ ਤੇਲੰਗਾਨਾ ਦੇ 30 ਸਾਲਾ ਨੌਜਵਾਨ ਮੁਹੰਮਦ ਅਫਸਨ ਦੀ ਰੂਸ-ਯੁਕਰੇਨ ਜੰਗ ਵਿੱਚ ਮੌਤ ਹੋ ਗਈ ਹੈ। ਅਫਸਨ ਦੇ ਪਰਿਵਾਰ ਨੇ ਵੀ ਮੀਡੀਆ ਨੂੰ ਇਹ ਦੱਸਿਆ ਸੀ ਕਿ ਉਸ ਨੂੰ ਹੈਲਪਰ ਵਜੋਂ ਭਰਤੀ ਕਰਨ ਦਾ ਛਲਾਵਾ ਦੇ ਕੇ ਰੂਸ ਦੀ ਫੌਜ ਵਿੱਚ ਭਰਤੀ ਕਰ ਲਿਆ ਗਿਆ ਸੀ। ਪੰਜਾਬ ਅਤੇ ਹਰਿਆਣਾ ਦੇ ਇਨ੍ਹਾਂ ਪਰਿਵਾਰਾਂ ਨੇ ਭਾਰਤ ਸਰਕਾਰ ਤੋਂ ਮਦਦ ਲਈ ਗੁਹਾਰ ਲਗਾਈ ਹੈ। ਪੰਜਾਬ ਦੇ ਕਲਾਨੌਰ ਕਸਬੇ ਦੇ ਰਵਨੀਤ ਸਿੰਘ ਦੇ ਪਰਿਵਾਰ ਨਾਲ ਵੀ ਗੱਲ ਕੀਤੀ ਹੈ, ਪਰਿਵਾਰ ਦਾ ਕਹਿਣਾ ਹੈ ਕਿ ਰਵਨੀਤ ਇਸ ਵੀਡੀਓ ਵਿੱਚ ਨਹੀਂ ਹੈ ਪਰ ਉਹ ਵੀ ਅਜਿਹੇ ਹੀ ਹਾਲਾਤਾਂ ਵਿੱਚ ਫਸਿਆ ਹੋਇਆ ਹੈ। ਬਲਵਿੰਦਰ ਕੌਰ ਦੱਸਦੇ ਹਨ ਕਿ ਉਨ੍ਹਾਂ ਨੂੰ ਦਿਨ ਰਾਤ ਆਪਣੇ ਪੁੱਤਰ ਦਾ ਫਿਕਰ ਰਹਿੰਦਾ ਹੈ। ਬਲਵਿੰਦਰ ਕੌਰ ਦੱਸਦੇ ਹਨ ਗਗਨਦੀਪ 24 ਦਸੰਬਰ ਨੂੰ ਘਰੋਂ ਉੱਥੇ ਘੁੰਮਣ ਲਈ ਗਿਆ ਸੀ। ਇਹ ਉਸ ਦੀ ਪਹਿਲੀ ਵਿਦੇਸ਼ ਫੇਰੀ ਸੀ। ਉਹ ਦੱਸਦੇ ਹਨ ਕਿ ਉਨ੍ਹਾਂ ਦਾ ਪੁੱਤ ਘੁੰਮਣ ਦੀ ਜ਼ਿੱਦ ਕਰਦਾ ਸੀ ਅਤੇ ਅਸੀਂ ਰੋਕ ਨਹੀਂ ਸਕਦੇ ਸਨ, ਉੱਥੇ ਜਾ ਕੇ ਪਹਿਲਾਂ ਕਈ ਦਿਨ ਸਾਨੂੰ ਉਸ ਦਾ ਫੋਨ ਨਹੀਂ ਆਇਆ, ਉਸ ਦੇ ਪਿਤਾ ਡਿਪਰੈਸ਼ਨ ਦੇ ਮਰੀਜ਼ ਹਨ ਅਤੇ ਇਸ ਤੋ ਬਾਅਦ ਉਹ ਕਈ ਦਿਨ ਬੀਮਾਰ ਰਹੇ।

ਉਹ ਦੱਸਦੇ ਹਨ ਕਿ ਕਈ ਦਿਨਾਂ ਦੇ ਇੰਤਜ਼ਾਰ ਤੋਂ ਮਗਰੋਂ ਉਨ੍ਹਾਂ ਦੇ ਪੁੱਤਰ ਨੇ ਫੋਨ ਉੱਤੇ ਦੱਸਿਆ, "ਮੈਂ ਫਸ ਗਿਆ ਹਾਂ, ਰੂਸੀ ਫੌਜ ਨੇ ਮੈਨੂੰ ਕਿਹਾ ਕਿ ਜਾਂ ਤਾਂ 10 ਸਾਲ ਦੀ ਸਜ਼ਾ ਕੱਟੋ...।" ਉਹ ਕਹਿੰਦੇ ਹਨ, "ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਰੂਸ ਯੁਕਰੇਨ ਦੀ ਕਿੰਨੀ ਵੱਡੀ ਲੜਾਈ ਚੱਲ ਰਹੀ ਹੈ, ਅਸੀਂ ਸਾਰੇ ਬਹੁਤ ਪਰੇਸ਼ਾਨ ਰਹੇ।"ਬਲਵਿੰਦਰ ਕੌਰ ਦੱਸਦੇ ਹਨ ਕਿ ਉਨ੍ਹਾਂ ਦੇ ਪੁੱਤਰ ਨਾਲ ਉਨ੍ਹਾਂ ਦੀ ਬਹੁਤ ਘੱਟ ਗੱਲ ਹੁੰਦੀ ਹੈ ਅਤੇ ਉਨ੍ਹਾਂ ਦਾ ਪੁੱਤ ਬਹੁਤ ਡਰਿਆ ਹੋਇਆ ਹੈ।"ਉਹ ਕਹਿੰਦਾ ਹੈ ਸਾਨੂੰ ਯੁਕਰੇਨ ਵੱਲ ਅੱਗੇ ਭੇਜਿਆ ਜਾ ਰਿਹਾ ਹੈ।"

ਬਲਵਿੰਦਰ ਕੌਰ ਦੱਸਦੇ ਹਨ, "ਉਸ ਨੇ ਆਈਲੈੱਟਸ ਕੀਤੀ ਹੋਈ ਸੀ ਜਿਸ ਵਿੱਚ ਉਸ ਦੇ ਛੇ ਬੈਂਡ ਆਏ ਸਨ ਅਤੇ ਬਾਰ੍ਹਵੀਂ ਤੱਕ ਦੀ ਪੜ੍ਹਾਈ ਕੀਤੀ ਸੀ।"ਉਹ ਕਹਿੰਦੇ ਹਨ, "ਗਗਨਦੀਪ ਦੀ ਸਟੱਡੀ ਵੀਜ਼ਾ ਉੱਤੇ ਬਾਹਰ ਜਾਣ ਦੀ ਯੋਜਨਾ ਸੀ, ਉਹ ਪਹਿਲਾਂ ਘੁੰਮਣਾ ਫਿਰਨਾ ਚਾਹੁੰਦੇ ਹਨ।"ਉਹ ਕਹਿੰਦੇ ਹਨ, "ਜਿਵੇਂ ਮੈਨੂੰ ਪਰੇਸ਼ਾਨੀ ਹੈ, ਸਾਰੇ ਬੱਚਿਆਂ ਦੀਆਂ ਮਾਵਾਂ ਦੀ ਇਹੋ ਪਰੇਸ਼ਾਨੀ ਹੈ। ਸਾਡੀ ਮੰਗ ਹੈ ਕਿ ਸਰਕਾਰ ਸਾਡੇ ਬੱਚਿਆਂ ਨੂੰ ਵਾਪਸ ਲਿਆਵੇ।"ਗਗਨਦੀਪ ਸਿੰਘ ਦੇ ਪਿਤਾ ਬਲਵਿੰਦਰ ਸਿੰਘ ਦੱਸਦੇ ਹਨ ਕਿ ਉਹ ਨਹੀਂ ਜਾਣਦੇ ਕਿ ਉਨ੍ਹਾਂ ਦੇ ਪੁੱਤਰ ਨੇ ਉੱਥੇ ਜਾਣ ਦੀ ਯੋਜਨਾ ਕਿਵੇਂ ਬਣਾਈ ਅਤੇ ਉਨ੍ਹਾਂ ਨੂੰ ਸਿਰਫ਼ ਇੰਨਾ ਹੀ ਪਤਾ ਹੈ ਕਿ ਉਹ ਦੋਸਤਾਂ ਨਾਲ ਗਿਆ ਹੈ। ਗੁਰਪ੍ਰੀਤ ਸਿੰਘ ਘੁੰਮਣ ਫਿਰਨ ਦਾ ਬਹੁਤ ਸ਼ੌਂਕ ਸੀ। ਗੁਰਪ੍ਰੀਤ ਸਿੰਘ ਦੇ ਤਾਏ ਦੇ ਪੁੱਤਰ ਨਰਿੰਦਰ ਕੁਮਾਰ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਨੂੰ ਘੁੰਮਣ ਫਿਰਨ ਦਾ ਬਹੁਤ ਸ਼ੌਂਕ ਸੀ। ਉਹ ਕਹਿੰਦੇ ਹਨ, "ਗੁਰਪ੍ਰੀਤ ਆਪਣੀ ਟ੍ਰੈਵਲ ਹਿਸਟਰੀ ਵਧੀਆ ਬਣਾਉਣੀ ਚਾਹੁੰਦਾ ਸੀ, ਉਹ 2022 ਵਿੱਚ ਅਜ਼ਰਬਾਈਜਾਨ, ਦੁਬਈ ਅਤੇ ਸਰਬੀਆ ਗਿਆ ਸੀ ਅਤੇ 2023 ਵਿੱਚ ਬੈਂਕਾਕ ਅਤੇ ਰਸ਼ੀਆ ਗਿਆ ਸੀ ਜਿੱਥੇ ਉਸ ਨੂੰ ਫੌਜ ਨੇ ਫੜ ਲਿਆ ਹੈ।"

ਉਹ ਕਹਿੰਦੇ ਹਨ, "ਗੁਰਪ੍ਰੀਤ ਸਿੰਘ ਕੋਲ ਸਹੀ ਵੀਜ਼ਾ ਸੀ, ਉਸ ਨੂੰ ਦੋ ਦਿਨ ਫੌਜ ਨੇ ਕਮਰੇ ਵਿੱਚ ਬੰਦ ਰੱਖਿਆ ਅਤੇ ਉਹਨਾਂ ਕੋਲੋਂ ਹਿੰਦੀ ਟ੍ਰਾਂਸਲੇਟਰ ਰਾਹੀਂ ਪੁੱਛਗਿੱਛ ਕੀਤੀ ਗਏ ਅਤੇ ਉਨ੍ਹਾਂ ਨੂੰ ਕਿਹਾ ਗਿਆ ਕਿ ਜਾਂ ਤਾਂ ਉਹ ਫੌਜ ਵਿੱਚ ਸ਼ਾਮਲ ਹੋ ਜਾਣ ਨਹੀਂ ਤਾਂ ਉਨ੍ਹਾਂ ਨੂੰ 10 ਸਾਲ ਸਜ਼ਾ ਹੋਵੇਗੀ।" ਨਰਿੰਦਰ ਕੁਮਾਰ ਨੇ ਦੱਸਿਆ, "ਉਨ੍ਹਾਂ ਨੂੰ ਪਹਿਲਾਂ 15 ਦਿਨ ਟਰੇਨਿੰਗ ਉੱਤੇ ਰੱਖਿਆ ਗਿਆ ਅਤੇ ਹੁਣ ਉਨ੍ਹਾਂ ਨੂੰ ਯੁਕਰੇਨ ਵੱਲ ਭੇਜਿਆ ਜਾ ਰਿਹਾ ਹੈ ਜਿੱਥੇ ਉਨ੍ਹਾਂ ਦੀ ਜਾਨ ਨੂੰ ਖਤਰਾ ਹੈ।" ਹਰਸ਼ ਦੀ ਮਾਤਾ ਸੁਮਨ ਕਹਿੰਦੇ ਹਨ ਕਿ ਉਨ੍ਹਾਂ ਦੇ ਪੁੱਤਰ ਨੇ ਹਾਲ ਹੀ ਵਿੱਚ ਬਾਰ੍ਹਵੀਂ ਦੀ ਪੜ੍ਹਾਈ ਪੂਰੀ ਕੀਤੀ ਸੀ। ਹਰਿਆਣਾ ਦੇ ਨੌਜਵਾਨ ਹਰਸ਼ ਦੇ ਇੱਕ ਰਿਸ਼ਤੇਦਾਰ ਦੇ ਦੱਸਿਆ ਕਿ ਉਹ 24-25 ਦਸੰਬਰ ਨੂੰ ਚਲਾ ਗਿਆ, ਉਹ ਥੋੜ੍ਹੇ ਦਿਨ ਰੂਸ ਵਿੱਚ ਘੁੰਮਿਆ। ਉਹ ਕਹਿੰਦੇ ਹਨ, "ਹਰਸ਼ ਨੇ ਦੱਸਿਆ ਏਜੰਟ ਨੇ ਸਾਨੂੰ ਬੇਲਾਰੂਸ ਲੈ ਕੇ ਜਾਣ ਦਾ ਕਹਿ ਕੇ ਸੜਕ ਉਪਰ ਛੱਡ ਦਿੱਤਾ। ਫਿਰ ਸਾਨੂੰ ਰੂਸ ਦੀ ਫੌਜ ਨੇ ਫੜ ਲਿਆ ਅਤੇ ਡਰਾਇਆ ਗਿਆ।"ਉਹ ਕਹਿੰਦੇ ਹਨ, ਉਨ੍ਹਾਂ ਦਾ ਰੂਸ ਜਾਣ ਦਾ ਮਕਸਦ ਪਾਸਪੋਰਟ ਸਟਰੌਂਗ ਬਣਾਉਣਾ ਸੀ ਤਾਂ ਜੋ ਬਾਅਦ ਵਿੱਚ ਕਿਸੇ ਹੋਰ ਮੁਲਕ ਵਿੱਚ ਜਾ ਸਕੇ। ਪਰਿਵਾਰ ਦਾ ਕਹਿਣਾ ਹੈ ਕਿ ਇਹ ਡੌਂਕੀ ਨਹੀਂ ਸੀ। ਹਰਸ਼ ਦੀ ਉਮਰ 19 ਸਾਲ ਹੈ। ਉਨ੍ਹਾਂ ਦੀ ਮਾਤਾ ਸੁਮਨ ਕਹਿੰਦੇ ਹਨ, ਕਿ ਉਨ੍ਹਾਂ ਦੇ ਪੁੱਤਰ ਨੇ ਹਾਲ ਹੀ ਵਿੱਚ ਬਾਰ੍ਹਵੀਂ ਦੀ ਪੜ੍ਹਾਈ ਪੂਰੀ ਕੀਤੀ ਸੀ। ਇਸ ਪਰਿਵਾਰ ਦੀ ਇੱਕ ਕਰਿਆਨੇ ਦੀ ਦੁਕਾਨ ਹੈ ਜਿਸ ਰਾਹੀਂ ਉਨ੍ਹਾਂ ਦੇ ਘਰ ਦਾ ਗੁਜ਼ਾਰਾ ਚੱਲਦਾ ਹੈ।

ਗੁਰਦਾਸਪੁਰ ਦੇ ਦੀਨਾਨਗਰ ਦੇ ਪਿੰਡ ਅਵਾਖਾ ਦੇ ਰਹਿਣ ਵਾਲੇ ਕੁਲਵੰਤ ਕੌਰ ਮੁਤਾਬਕ ਉਨ੍ਹਾਂ ਦਾ ਪੁੱਤਰ ਰਵਨੀਤ ਸਿੰਘ ਵੀ ਰੂਸ ਵਿੱਚ ਇਸੇ ਤਰੀਕੇ ਫਸਿਆ ਹੋਇਆ ਹੈ। ਰਵਨੀਤ ਇਨ੍ਹਾਂ ਨੌਜਵਾਨਾਂ ਦੀ ਵੀਡੀਓ ਵਿੱਚ ਸ਼ਾਮਲ ਨਹੀਂ ਹੈ। ਉਹ ਕਹਿੰਦੇ ਹਨ ਕਿ ਉਨ੍ਹਾਂ ਦੇ ਪੁੱਤਰ ਨੇ ਉਨ੍ਹਾਂ ਨੂੰ ਦੱਸਿਆ ਹੈ ਕਿ ਉਹ ਅਤੇ ਉਸ ਦੇ ਨਾਲ ਪੰਜਾਬ ਦਾ ਹੀ ਇੱਕ ਨੌਜਵਾਨ ਜੋ ਕਿ ਨਾਬਾਲਗ ਹਨ ਇੱਥੇ ਰੁਕੇ ਹੋਏ ਹਨ। ਉਹ ਦੱਸਦੇ ਹਨ, "ਰਵਨੀਤ ਨੇ ਦੱਸਿਆ ਕਿ ਉਨ੍ਹਾਂ ਨੂੰ ਵੀ ਅੱਗੇ ਜੰਗ ਵਿੱਚ ਭੇਜਿਆ ਜਾ ਸਕਦਾ ਹੈ।" ਕੁਲਵੰਤ ਕੌਰ ਦੱਸਦੇ ਹਨ ਕਿ ਉਨ੍ਹਾਂ ਦਾ ਪੁੱਤਰ ਟੂਰਿਟਸ ਵੀਜ਼ਾ ਉੱਤੇ ਡੁਬਈ ਗਿਆ ਸੀ ਅਤੇ ਅੱਗੇ ਮੁੰਡਿਆਂ ਨਾਲ ਰੂਸ ਚਲਿਆ ਗਿਆ ਜਿੱਥੇ ਉਨ੍ਹਾਂ ਨੂੰ ਆਰਮੀ ਨੇ ਫੜ ਲਿਆ। ਉਹ ਕਹਿੰਦੇ ਹਨ ਕਿ ਉਨ੍ਹਾਂ ਦੇ ਪਰਿਵਾਰ ਵਿੱਚ ਉਨ੍ਹਾਂ ਪੁੱਤਰ ਅਤੇ ਉਨ੍ਹਾਂ ਦੀਆਂ ਦੋ ਧੀਆਂ ਹਨ। ਰਵਨੀਤ ਦੇ ਪਿਤਾ ਇੱਕ ਸਕੂਲ ਬੱਸ ਚਲਾਉਂਦੇ ਹਨ। ਕੁਲਵੰਤ ਕੌਰ ਕਹਿੰਦੇ ਹਨ ਕਿ ਉਨ੍ਹਾਂ ਦੇ ਪੱਤਰ ਨੇ ਮਕੈਨੀਕਲ ਇੰਜੀਨਿਅਰਿੰਗ ਦਾ ਡਿਪਲੋਮਾ ਕੀਤਾ ਹੋਇਆ ਹੈ ਅਤੇ ਉਸ ਨੇ ਦੋ ਸਾਲ ਦੇ ਕਰੀਬ ਇੱਕ ਪ੍ਰਾਈਵੇਟ ਕੰਪਨੀ ਵਿੱਚ ਨੌਕਰੀ ਵੀ ਕੀਤੀ ਹੋਈ ਹੈ। ਉਨ੍ਹਾਂ ਨੇ ਦੱਸਿਆ ਕਿ ਰਵਨੀਤ ਪਹਿਲਾਂ ਕਰੀਬ ਦੋ ਵਾਰ ਦੁਬਈ ਜਾ ਚੁੱਕਿਆ ਹੈ। ਐੱਨਆਰਆਈ ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਉਹ ਨੌਜਵਾਨਾਂ ਨੂੰ ਵਾਪਸ ਲਿਆਉਣ ਲਈ ਯਤਨ ਕਰ ਰਹੇ ਹਨ। ਭਾਰਤੀ ਵਿਦੇਸ਼ ਮੰਤਰਾਲੇ ਦੀ ਇਸ ਬਾਰੇ ਫਿਲਹਾਲ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



CANRISE IMMIGRATION
www.canriseimmigration.com
778-565-1717

CANRISE IMMIGRATION

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE

Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141

#12387-75 Avenue Surrey, BC V3W 2S7
E-mail: contactuniglobal@gmail.com

RCIC CRIC

# ਪੂਤਿਨ ਨੇ ਪੱਛਮੀ ਦੇਸ਼ਾਂ ਨੂੰ ਧਮਕਾਇਆ:ਕਰ ਸਕਦੈ ਪ੍ਰਮਾਣੂ ਹਮਲਾ

ਯੂਕਰੇਨ ਨਾਲ ਚੱਲ ਰਹੀ ਜੰਗ ਦਰਮਿਆਨ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਪੱਛਮੀ ਦੇਸ਼ਾਂ ਨੂੰ ਚੇਤਾਵਨੀ ਦਿੱਤੀ ਹੈ। ਇਸ ਨਾਲ ਯੂਰਪ ਤੋਂ ਲੈ ਕੇ ਅਮਰੀਕਾ ਤੱਕ ਦਹਿਸ਼ਤ ਦਾ ਮਾਹੌਲ ਹੈ। ਪੂਤਿਨ ਨੇ ਪੱਛਮੀ ਦੇਸ਼ਾਂ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਹੈ ਕਿ ਜੇਕਰ ਉਹ (ਯੂਰਪ ਜਾਂ ਪੱਛਮੀ ਦੇਸ਼) ਯੂਕਰੇਨ ਵਿਚ ਲੜਨ ਲਈ ਆਪਣੀ ਫੌਜ ਭੇਜਦੇ ਹਨ ਤਾਂ ਰੂਸ ਪ੍ਰਮਾਣੂ ਹਮਲਾ ਕਰ ਸਕਦਾ ਹੈ। ਪੂਤਿਨ ਨੇ ਕਿਹਾ ਹੈ ਕਿ ਜੇਕਰ ਯੂਰਪ ਅਤੇ ਪੱਛਮੀ ਦੇਸ਼ਾਂ ਨੇ ਯੂਕਰੇਨ ਵਿਚ ਰੂਸ ਦੇ ਖਿਲਾਫ ਫੌਜ ਭੇਜਣ ਦਾ ਕਦਮ ਚੁੱਕਿਆ ਤਾਂ ਪ੍ਰਮਾਣੂ ਯੁੱਧ ਦਾ ਅਸਲ ਖ਼ਤਰਾ ਹੈ। ਉਸਨੇ ਕਿਹਾ ਕਿ ਮਾਸਕੋ ਕੋਲ ਪੱਛਮ ਦੇ ਟੀਚਿਆਂ 'ਤੇ ਹਮਲਾ ਕਰਨ ਲਈ ਹਥਿਆਰ ਹਨ।ਰਾਸ਼ਟਰਪਤੀ ਪੂਤਿਨ ਯੂਕਰੇਨ ਨਾਲ ਦੋ ਸਾਲ ਦੀ ਲੜਾਈ ਤੋਂ ਬਾਅਦ ਸੰਸਦ ਅਤੇ ਦੇਸ਼ ਦੇ ਕੁਲੀਨ ਵਰਗ ਦੇ ਹੋਰ ਮੈਂਬਰਾਂ ਨੂੰ ਸੰਬੋਧਨ ਕਰ ਰਹੇ ਸਨ। ਪੂਤਿਨ, 71, ਨੇ ਦੋਸ਼ ਲਗਾਇਆ ਕਿ ਪੱਛਮ ਰੂਸ ਨੂੰ ਕਮਜ਼ੋਰ ਕਰਨ 'ਤੇ ਤੁਲਿਆ ਹੋਇਆ ਹੈ ਅਤੇ ਸੁਝਾਅ ਦਿੱਤਾ ਕਿ ਪੱਛਮੀ ਨੇਤਾ ਇਹ ਨਹੀਂ ਸਮਝਦੇ ਕਿ ਰੂਸ ਦੇ ਆਪਣੇ ਅੰਦਰੂਨੀ ਮਾਮਲਿਆਂ ਵਿੱਚ ਉਨ੍ਹਾਂ ਦੀ ਦਖਲਅੰਦਾਜ਼ੀ ਕਿੰਨੀ ਖਤਰਨਾਕ ਹੋ ਸਕਦੀ ਹੈ। ਉਸਨੇ ਆਪਣੀ ਚੇਤਾਵਨੀ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੂੰ ਯੂਰਪੀਅਨ ਨਾਟੋ ਮੈਂਬਰਾਂ ਦੁਆਰਾ ਯੂਕਰੇਨ ਵਿੱਚ ਜ਼ਮੀਨੀ ਫੌਜ ਭੇਜਣ ਦੇ ਵਿਚਾਰ ਦੇ ਪ੍ਰਤੀਕਰਮ ਵਜੋਂ ਦਿਤੀ। ਹਾਲਾਂਕਿ ਇਸ ਸੁਝਾਅ ਨੂੰ ਅਮਰੀਕਾ, ਜਰਮਨੀ, ਬ੍ਰਿਟੇਨ ਅਤੇ ਹੋਰਾਂ ਨੇ ਤੁਰੰਤ ਰੱਦ ਕਰ ਦਿੱਤਾ ਸੀ।



ਪੂਤਿਨ ਨੇ ਕਿਹਾ ਕਿ ਪੱਛਮੀ ਦੇਸ਼ਾਂ ਨੂੰ ਸਮਝਣਾ ਚਾਹੀਦਾ ਹੈ ਕਿ ਸਾਡੇ ਕੋਲ ਵੀ ਅਜਿਹੇ ਹਥਿਆਰ ਹਨ ਜੋ ਉਨ੍ਹਾਂ ਦੇ ਖੇਤਰ ਵਿਚ ਹਮਲਾ ਕਰ ਸਕਦੇ ਹਨ। ਪੂਤਿਨ ਨੇ ਕਿਹਾ- ਕੀ ਉਨ੍ਹਾਂ ਨੂੰ ਇਹ ਗੱਲ ਸਮਝ ਨਹੀਂ ਆ ਰਹੀ ਕਿ ਇਹ ਛੇੜਾਖਾਨੀ ਮਹਿੰਗੀ ਪਵੇਗੀ?'' ਤੁਹਾਨੂੰ ਦੱਸ ਦੇਈਏ ਕਿ ਰੂਸ 'ਚ 15-17 ਮਾਰਚ ਨੂੰ ਰਾਸ਼ਟਰਪਤੀ ਚੋਣਾਂ ਹੋਣ ਜਾ ਰਹੀਆਂ ਹਨ।ਇਸ ਤੋਂ ਪਹਿਲਾਂ ਉਹ ਆਪਣੇ ਦੇਸ਼ ਨੂੰ ਸੰਬੋਧਨ ਕਰ ਰਹੇ ਸਨ।ਪੂਤਿਨ ਅਗਲੇ ਛੇ ਸਾਲਾਂ ਲਈ ਚੁਣੇ ਜਾਣਗੇ। ਉਸ ਦਾ ਦੁਬਾਰਾ ਚੁਣਿਆ ਜਾਣਾ ਨਿਸ਼ਚਿਤ ਹੈ।ਪੂਤਿਨ ਅਨੁਸਾਰ ਰੂਸ ਦੇ ਕੋਲ ਵਿਸ਼ਾਲ ਆਧੁਨਿਕ ਪ੍ਰਮਾਣੂ ਹਥਿਆਰਾਂ ਦਾ ਭੰਡਾਰ ਹੈ ।

ਪੂਤਿਨ ਨੇ ਪੱਛਮੀ ਸਿਆਸਤਦਾਨਾਂ ਨੂੰ ਸੁਝਾਅ ਦਿੱਤਾ ਕਿ ਉਹ ਨਾਜ਼ੀ ਜਰਮਨੀ ਦੇ ਅਡੌਲਫ ਹਿਟਲਰ ਅਤੇ ਫਰਾਂਸ ਦੇ ਨੈਪੋਲੀਅਨ ਬੋਨਾਪਾਰਟ ਵਰਗੇ ਲੋਕਾਂ ਦੇ ਹਸ਼ਰ ਨੂੰ ਯਾਦ ਰੱਖਣ, ਜਿਨ੍ਹਾਂ ਨੇ ਅਤੀਤ ਵਿੱਚ ਰੂਸ 'ਤੇ ਅਸਫਲ ਹਮਲਿਆਂ ਦੀ ਅਗਵਾਈ ਕੀਤੀ ਸੀ। ਪੂਤਿਨ ਨੇ ਕਿਹਾ, "ਉਹ ਸੋਚਦੇ ਹਨ ਕਿ ਇਹ (ਜੰਗ) ਇੱਕ ਕਾਰਟੂਨ ਹੈ, ਪਰ ਹੁਣ ਇਸ ਦੇ ਨਤੀਜੇ ਬਹੁਤ ਜ਼ਿਆਦਾ ਦੁਖਦਾਈ ਹੋਣਗੇ," ਵਿਸ਼ਵ ਪੱਧਰ ਦੇ ਅਰਥ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਇਸ ਜੰਗ ਦਾ ਸਿੱਧਾ ਜਾਂ ਅਸਿੱਧਾ ਅਸਰ ਸਮੁੱਚੇ ਸੰਸਾਰ ਉਤੇ ਪੈ ਰਿਹਾ ਹੈ; ਖਾਸ ਕਰ ਕੇ ਕੁਝ ਮੁਲਕਾਂ ਦੇ ਅਰਥਚਾਰਿਆਂ 'ਤੇ ਇਸ ਦਾ ਡਾਢਾ ਅਸਰ ਪਿਆ ਹੈ; ਇਸ ਵਕਤ ਸੰਸਾਰ ਭਰ ਵਿਚ ਮਹਿੰਗਾਈ ਬਹੁਤ ਮੂੰਹਜ਼ੋਰ ਹੋ ਗਈ ਹੈ ਅਤੇ ਕਮਜ਼ੋਰ ਅਰਥਚਾਰੇ ਡਾਵਾਂਡੋਲ ਹੋ ਗਏ ਹਨ।

# ਕੈਨੇਡਾ ਆਉਣ ਵਾਲੇ ਮੈਕਸਿਕਨ ਨਾਗਰਿਕਾਂ ਤੇ ਮੁੜ ਲਾਈਆਂ ਜਾਣਗੀਆਂ ਵੀਜ਼ਾ ਸਬੰਧੀ ਸ਼ਰਤਾਂ

ਔਟਵਾ:ਕੈਨੇਡਾ ਆਉਣ ਵਾਲੇ ਮੈਕਸਿਕੋ ਦੇ ਕੁੱਝ ਨਾਗਰਿਕਾਂ ਉੱਤੇ ਵੀਜ਼ਾ ਸਬੰਧੀ ਸ਼ਰਤਾਂ ਮੁੜ ਲਾਈਆਂ ਜਾਣਗੀਆਂ। ਇਹ ਜਾਣਕਾਰੀ ਸਰਕਾਰੀ ਸੂਤਰ ਨੇ ਦਿੱਤੀ।ਫੈਡਰਲ ਸਰਕਾਰ ਦਾ ਇਹ ਨਵਾਂ ਨਿਯਮ ਵੀਰਵਾਰ ਤੋਂ ਲਾਗੂ ਹੋ ਜਾਵੇਗਾ।ਪਿਛਲੇ ਮਹੀਨੇ ਕੰਜ਼ਰਵੇਟਿਵਾਂ ਨੇ ਸਰਕਾਰ ਤੋਂ ਇਨ੍ਹਾਂ ਵੀਜ਼ਾ ਨਿਯਮਾਂ ਨੂੰ ਮੁੜ ਲਾਗੂ ਕਰਨ ਦੀ ਮੰਗ ਕੀਤੀ ਸੀ। ਕੰਜ਼ਰਵੇਟਿਵਾਂ ਵੱਲੋਂ ਰਫਿਊਜੀ ਸਬੰਧੀ ਦਾਅਵੇ ਠੁਕਰਾਏ ਜਾਣ ਦੇ ਮੁੱਦੇ ਉੱਤੇ ਚਿੰਤਾ ਪ੍ਰਗਟਾਈ ਜਾ ਰਹੀ ਸੀ।

ਇੱਥੇ ਦੱਸਣਾ ਬਣਦਾ ਹੈ ਕਿ ਪਿਛਲੇ ਕੁੱਝ ਸਾਲਾਂ ਵਿੱਚ ਮੈਕਸਿਕੋ ਤੋਂ ਪਨਾਹ ਲੈਣ ਲਈ ਕੈਨੇਡਾ ਨੂੰ ਮਿਲ ਰਹੀਆਂ ਅਰਜ਼ੀਆਂ ਵਿੱਚ ਚਿੰਤਾਜਨਕ ਵਾਧਾ ਹੋਇਆ ਹੈ। ਪਰ ਮੈਕਸਿਕੋ ਦੇ ਬਿਨੈਕਾਰਾਂ ਨੂੰ ਹੋਰਨਾਂ ਦੇਸ਼ਾਂ ਦੇ ਬਿਨੈਕਾਰਾਂ ਨਾਲੋਂ ਘੱਟ ਰਫਿਊਜੀ ਦਰਜਾ ਹਾਸਲ ਹੋ ਰਿਹਾ ਹੈ।

ਅਜਿਹਾ ਅੰਸ਼ਕ ਤੌਰ ਉੱਤੇ 2016 ਵਿੱਚ ਸਰਕਾਰ ਵੱਲੋਂ ਮੈਕਸਿਕੋ ਦੇ ਲੋਕਾਂ ਤੋਂ ਵੀਜ਼ਾ ਦੀ ਸ਼ਰਤ ਹਟਾ ਲਏ ਜਾਣ ਦੇ ਫੈਸਲੇ ਕਾਰਨ ਹੋ ਰਿਹਾ ਹੈ

। ਇਸ ਫੈਸਲੇ ਕਾਰਨ ਮੈਕਸਿਕੋ ਦੇ ਲੋਕਾਂ ਲਈ ਕੈਨੇਡਾ ਵਿੱਚ ਪਨਾਹ ਲੈਣਾ ਸੁਖਾਲਾ ਹੋ ਗਿਆ ਸੀ। ਟੋਰੀਜ਼ ਦਾ ਕਹਿਣਾ ਹੈ ਕਿ ਇਸ ਤਬਦੀਲੀ ਕਾਰਨ ਹੀ ਫਰੌਡ ਵੱਧ ਗਿਆ ਤੇ ਅਸਾਇਲਮ ਸਿਸਟਮ ਦੀ ਦੁਰਵਰਤੋਂ ਦੇ ਨਾਲ ਨਾਲ ਇਸ ਉੱਤੇ ਬੋਝ ਵੀ ਵਧਿਆ। ਇਸ ਦੇ ਨਾਲ ਹੀ ਜਾਇਜ਼ ਦਾਅਵੇ ਕਰਨ ਵਾਲਿਆਂ ਦੀ ਅਰਜ਼ੀਆਂ ਸਵੀਕਾਰਨ ਵਿੱਚ ਵੀ ਦੇਰ ਹੋਣ ਲੱਗੀ।



ਲਰਨਿੰਗ ਲਾਇਸੈਂਸ

A TO Z DRIVING SCHOOL

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ








ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL

Lucky: 604-614-5365

Unit 15 - 8388 128 St., Surrey



ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

*8 ਮਾਰਚ ਦਿਨ ਸ਼ੁੱਕਰਵਾਰ ਸਵੇਰੇ 10 ਵਜੇ (ਹਾਲ ਨੰ:2 ਵਿਚ) ਸ. ਵਿਕਰਮਜੀਤ ਸਿੰਘ ਸਪੁੱਤਰ ਸ. ਗੁਰਮੀਤ ਸਿੰਘ ਸ਼ੇਰਗਿੱਲ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ।

*9 ਮਾਰਚ ਦਿਨ ਸ਼ਨਿਚਰਵਾਰ ਬੀਬੀਆਂ ਦੇ ਜਥੇ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਅਤੇ ਕੀਰਤਨ ਸਵੇਰ 11 ਤੋਂ 1 ਵਜੇ ਤੱਕ

*9 ਮਾਰਚ ਦਿਨ ਸ਼ਨਿਚਰਵਾਰ ਸ਼ਾਮ 5.30 ਤੋਂ 8.30 ਵਜੇ ਤੱਕ ਹਫਤਾਵਾਰੀ ਦੀਵਾਨ ਸਜਣਗੇ ਜਿਸ ਵਿਚ ਹਜੂਰੀ ਰਾਗੀ ਭਾਈ ਸਤਨਾਮ ਸਿੰਘ ਜੀ ਬੰਬੀਹਾ, ਸੰਤ ਬਾਬਾ ਭਗਵੰਤ ਸਿੰਘ ਜੀ ਅਤੇ ਬਾਬਾ ਜਗਜੀਤ ਸਿੰਘ ਜੀ (ਸੰਤ ਸੇਵਕ ਜਥਾ ਮਸਤੂਆਣਾ ਸਾਹਿਬ) ਵਾਲੇ ਦੀਵਾਨ ਸਜਾਉਣਗੇ।

*10 ਮਾਰਚ ਦਿਨ ਐਤਵਾਰ ਸਵੇਰ 9 ਵਜੇ (ਹਾਲ ਨੰ:2 ਵਿਚ) ਅਖੰਡਪਾਠ ਸਾਹਿਬ ਦੇ ਭੋਗ ਪੈਣਗੇ। ਉਪਰੰਤ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਹਫਤਾਵਾਰੀ ਦੀਵਾਨ ਸਜਣਗੇ।

ਵਿਸ਼ੇਸ਼ ਨੋਟ:ਸ਼ਾਮ 7 ਤੋਂ 8 ਵਜੇ ਤੱਕ ਰੋਜ਼ਾਨਾ ਜਪੁਜੀ ਸਾਹਿਬ ਦੀ ਲੜੀਵਾਰ ਕਥਾ ਚੱਲ ਰਹੀ ਹੈ ਜੀ।

ਸ੍ਰੀ ਮਾਨ ਸੰਤ ਬਾਬਾ ਤੇਜਾ ਸਿੰਘ ਜੀ ਮਹਾਰਾਜ ਜੀ ਦੀ ਸਾਲਾਨਾ ਬਰਸੀ ਦੇ ਸਬੰਧ ਵਿਚ
9 ਜੂਨ 2024 ਤੋਂ ਸ੍ਰੀ ਅਖੰਡਪਾਠ ਸਾਹਿਬ ਦੀ ਲੜੀ ਆਰੰਭ ਹੋਵੇਗੀ।
ਅਖੰਡਪਾਠ ਸਾਹਿਬ ਦੀ ਸੇਵਾ ਲੈਣ ਲਈ ਗੁਰੂਘਰ ਨਾਲ ਸੰਪਰਕ ਕਰੋ ਜੀ।


ਰਾਗੀ ਜੱਥੇ
ਭਾਈ ਸਤਨਾਮ ਸਿੰਘ ਬੰਬੀਹਾ ਲੁਧਿਆਣੇ ਵਾਲੇ
ਬਾਬਾ ਭਗਵੰਤ ਸਿੰਘ ਰਾੜਾ ਸਾਹਿਬ ਸੰਪਰਦਾ ਵਾਲੇ

ਕਥਾਵਾਚਕ
(ਜਪੁਜੀ ਸਾਹਿਬ ਦੀ ਲੜੀਵਾਰ ਕਥਾ)
ਬਾਬਾ ਜਗਜੀਤ ਸਿੰਘ ਜੀ (ਖਾਰੇ ਵਾਲੇ)
ਸੇਵਕ ਜੱਥਾ ਮਸਤੂਆਣਾ ਸਾਹਿਬ

ਤਬਲਾ ਸਿੱਖਣ ਲਈ ਸੰਪਰਕ ਕਰੋ:
604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



ਰੋਜਾਨਾ ਦੇ ਪ੍ਰੋਗਰਾਮ

ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਲਿਬਰਲ ਸਰਕਾਰ ਨੇ ਲਿਆਂਦਾ ਇੰਟਰਨੈੱਟ ਸਬੰਧੀ ਨਵਾਂ ਕਾਨੂੰਨ

ਔਟਵਾ: ਕੈਨੇਡਾ ਵਿਚ ਇਤਰਾਜ਼ਯੋਗ ਆਨਲਾਈਨ ਟਿੱਪਣੀ ਕਰਨ ਵਾਲਿਆਂ ਨੂੰ ਹੁਣ ਜੇਲ੍ਹ ਦੀ ਹਵਾ ਖਾਣੀ ਪੈ ਸਕਦੀ ਹੈ। ਜੀ ਹਾਂ, ਲਿਬਰਲ ਸਰਕਾਰ ਵੱਲੋਂ ਸੋਮਵਾਰ ਨੂੰ ਹਾਊਸ ਆਫ ਕਾਮਨਜ਼ ਵਿਚ ਨਵਾਂ ਬਿੱਲ ਪੇਸ਼ ਕਰ ਦਿਤਾ ਗਿਆ, ਜਿਸ ਤਹਿਤ ਨਫ਼ਰਤ ਭਰੀਆਂ ਜਾਂ ਹਿੰਸਾ ਦਾ ਕਾਰਨ ਬਣਨ ਵਾਲੀਆਂ ਟਿੱਪਣੀਆਂ ਕਰਨ ਵਾਲਿਆਂ ਨੂੰ ਭਾਰੀ ਜੁਰਮਾਨੇ ਦੇ ਨਾਲ-ਨਾਲ ਜੇਲ੍ਹ ਵੀ ਭੇਜਿਆ ਜਾਵੇਗਾ। ਬਿੱਲ ਪੇਸ਼ ਕਰਨ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਿਆਂ ਮੰਤਰੀ ਆਰਿਫ ਵਿਰਾਨੀ ਨੇ ਕਿਹਾ ਕਿ ਇੰਟਰਨੈਟ 'ਤੇ ਬਦਅਮਨੀ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

'ਆਨਲਾਈਨ ਹਾਰਮਜ਼ ਐਕਟ' ਅਧੀਨ ਖਤਰਨਾਕ ਆਨਲਾਈਨ ਕੰਟੈਂਟ ਨੂੰ ਸੱਤ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ ਜਿਨ੍ਹਾਂ ਵਿਚ ਬੱਚਿਆਂ ਨਾਲ ਜ਼ੋਰ ਜ਼ਬਰਦਸਤੀ ਜਾਂ ਵਰਗਲਾਉਣ ਜਾਂ ਖ਼ੁਦ ਨੂੰ ਨੁਕਸਾਨ ਪਹੁੰਚਾਉਣ ਲਈ ਮਜਬੂਰ ਕਰਨ ਵਰਗੀਆਂ ਹਰਕਤਾਂ ਨੂੰ ਸ਼ਾਮਲ ਕੀਤਾ ਗਿਆ ਹੈ। ਨਿਆਂ ਮੰਤਰੀ ਨੇ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਅਤੇ ਉਨ੍ਹਾਂ ਦੀ ਮਾਨਸਿਕ ਸਿਹਤ ਬਰਕਰਾਰ ਰੱਖਣ ਦੀ ਜ਼ਿੰਮੇਵਾਰੀ ਸਾਡੀ ਹੈ ਜੋ ਸੰਭਾਵਤ ਤੌਰ 'ਤੇ ਇਸ ਵੇਲੇ ਦਾਅ 'ਤੇ ਲੱਗੀ ਹੋਈ ਹੈ।ਬਿੱਲ ਪਾਸ ਹੋਣ ਮਗਰੋਂ ਇਤਰਾਜ਼ਯੋਗ ਆਨਲਾਈਨ ਟਿੱਪਣੀਆਂ ਕ੍ਰਿਮੀਨਲ ਕੋਡ ਦੇ ਅਧੀਨ ਹੋਣਗੀਆਂ ਅਤੇ ਕਤਲ ਲਈ ਉਕਸਾਉਣ ਵਾਲਿਆਂ ਨੂੰ ਪੰਜ ਸਾਲ ਤੋਂ ਉਮਰ ਕੈਦ ਤੱਕ ਦੀ ਸਜ਼ਾ ਸੁਣਾਈ ਜਾ ਸਕਦੀ ਹੈ। ਨਫਰਤ ਤੋਂ ਪ੍ਰੇਰਿਤ ਅਪਰਾਧਾਂ ਨੂੰ ਵੱਖਰੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ ਅਤੇ ਇਸ ਲਈ ਵੀ ਜੇਲ੍ਹ ਭੇਜਣ ਦੀ ਤਜਵੀਜ਼ ਰੱਖੀ ਗਈ ਹੈ।

ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਟਰੂਡੋ ਨੇ ਕਿਹਾ ਸੀ ਕਿ ਕੈਨੇਡੀਅਨਾਂ ਦੀ ਪ੍ਰਗਟਾਵੇ ਦੀ ਆਜ਼ਾਦੀ ਦੀ ਰੱਖਿਆ ਅਤੇ ਬੱਚਿਆਂ ਦੀ ਬਿਹਤਰ ਸੁਰੱਖਿਆ ਲਈ ਇਸ ਕਾਨੂੰਨ ਨੂੰ ਸਹੀ ਸੰਤੁਲਨ ਬਣਾਉਣ ਲਈ ਕਾਨੂੰਨ ਨੂੰ ਲਿਖਣਾ ਮੁਸ਼ਕਲ ਸੀ।ਉਨ੍ਹਾਂ ਯਕੀਨ ਦਵਾਉਂਦੇ ਹੋਏ ਕਿਹਾ ਕਿ ਇਹ ਬਿੱਲ "ਬਹੁਤ ਖਾਸ ਤੌਰ 'ਤੇ ਬੱਚਿਆਂ ਦੀ ਸੁਰੱਖਿਆ 'ਤੇ ਕੇਂਦ੍ਰਿਤ ਹੋਵੇਗਾ ਨਾ ਕਿ ਇੰਟਰਨੈਟ ਨੂੰ ਸੈਂਸਰ ਕਰਨ' ਤੇ"ਟਰੂਡੋ ਨੇ ਕਿਹਾ, "ਬੱਚੇ ਔਨਲਾਈਨ ਨਫ਼ਰਤ, ਹਿੰਸਾ, ਧੱਕੇਸ਼ਾਹੀ, ਅਤੇ ਭਿਆਨਕ ਚੀਜ਼ਾਂ ਦੇਣਖ ਤੋਂ ਬਾਅਦ ਪ੍ਰਭਾਵਿਤ ਨਾਲ ਕਮਜ਼ੋਰ ਹੁੰਦੇ ਹਨ।

"ਸਾਨੂੰ ਆਪਣੇ ਬੱਚਿਆਂ ਦੀ ਔਨਲਾਈਨ ਸੁਰੱਖਿਆ ਦੇ ਇੱਕ ਸਮਾਜ ਵਜੋਂ ਇੱਕ ਬਿਹਤਰ ਕੰਮ ਕਰਨ ਦੀ ਲੋੜ ਹੈ ਜਿਸ ਤਰ੍ਹਾਂ ਅਸੀਂ ਉਨ੍ਹਾਂ ਨੂੰ ਸਕੂਲ ਵਿੱਚ, ਸਾਡੇ ਭਾਈਚਾਰਿਆਂ ਵਿੱਚ, ਦੇਸ਼ ਭਰ ਵਿੱਚ ਆਪਣੇ ਘਰਾਂ ਵਿੱਚ ਸੁਰੱਖਿਅਤ ਕਰਦੇ ਹਾਂ।"

ਟਰੂਡੋ ਨੇ ਸਭ ਤੋਂ ਪਹਿਲਾਂ 2019 ਦੀ ਫੈਡਰਲ ਚੋਣ ਮੁਹਿੰਮ ਦੌਰਾਨ ਉਪਾਅ ਦਾ ਵਾਅਦਾ ਕੀਤਾ ਸੀ, ਪਰ ਔਨਲਾਈਨ ਨਫ਼ਰਤ ਵਾਲੇ ਭਾਸ਼ਣ ਨੂੰ ਨਿਸ਼ਾਨਾ ਬਣਾਉਣ ਵਾਲਾ ਇੱਕ ਬਿੱਲ ਆਰਡਰ ਪੇਪਰ ਤੋਂ ਬਾਅਦ ਅਗੇ ਨਹੀਂ ਵੱਧ ਸਕਿਆ ਸੀ ਅਤੇ 2021 ਵਿੱਚ ਚੋਣ ਸ਼ੁਰੂ ਹੋ ਗਈਆਂ ਸਨ ਅਤੇ ਬਾਅਦ ਵਿੱਚ ਇਸ ਦਾ ਜ਼ਿਕਰ ਨਹੀਂ ਹੋਇਆ।

ਫਿਰ ਟਰੂਡੋ ਨੇ ਨਵੀਂ ਸਰਕਾਰ ਬਣਨ ਤੋਂ ਬਾਅਦ ਆਪਣੇ ਨਵੇਂ ਆਦੇਸ਼ ਦੇ ਪਹਿਲੇ 100 ਦਿਨਾਂ ਦੇ ਅੰਦਰ ਇਹ ਬਿੱਲ ਨੂੰ ਮੁੜ ਲਾਗੂ ਕਰਨ ਦਾ ਵਾਅਦਾ ਕੀਤਾ, ਪਰ ਅਜਿਹਾ ਕਰਨ ਵਿੱਚ ਅਸਫਲ ਰਿਹਾ ਸੀ।

## ਜ਼ੁਲਫ਼ਿਕਾਰ ਅਲੀ ਭੁੱਟੋ ਨੂੰ ਫਾਹੇ ਲਾਉਣ ਤੋਂ ਪਹਿਲਾਂ ਮਾਮਲੇ ਦੀ ਨਿਰਪੱਖ ਸੁਣਵਾਈ ਨਹੀਂ ਹੋਈ:ਸੁਪਰੀਮ ਕੋਰਟ



ਇਸਲਾਮਾਬਾਦ:ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਅੱਜ ਫੈਸਲਾ ਸੁਣਾਇਆ ਕਿ ਸਾਬਕਾ ਪ੍ਰਧਾਨ ਮੰਤਰੀ ਜ਼ੁਲਫ਼ਿਕਾਰ ਅਲੀ ਭੁੱਟੋ, ਜਿਨ੍ਹਾਂ ਨੂੰ ਕਤਲ ਦਾ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ 44 ਸਾਲ ਪਹਿਲਾਂ ਫਾਂਸੀ ਦਿੱਤੀ ਗਈ ਸੀ, ਦੀ ਨਿਰਪੱਖ ਸੁਣਵਾਈ ਨਹੀਂ ਹੋਈ। ਭੁੱਟੋ ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਦੇ ਸੰਸਥਾਪਕ ਸਨ। ਇਹ ਪਾਰਟੀ ਹੁਣ ਉਸ ਦੇ ਦੋਹਤੇ ਅਤੇ ਸਾਬਕਾ ਵਿਦੇਸ਼ ਮੰਤਰੀ ਬਿਲਾਵਲ ਭੁੱਟੋ ਜ਼ਰਦਾਰੀ ਵੱਲੋਂ ਚਲਾਈ ਜਾ ਰਹੀ ਹੈ। ਭੁੱਟੋ ਨੂੰ ਮਰਹੂਮ ਜਨਰਲ ਜ਼ਿਆ-ਉਲ-ਹੱਕ ਦੇ ਫੌਜੀ ਸ਼ਾਸਨ ਦੇ ਅਧੀਨ ਕਤਲ ਕੇਸ 'ਚ 1979 ਵਿੱਚ ਫਾਂਸੀ ਦੇ ਦਿੱਤੀ ਗਈ ਸੀ। ਚੀਫ਼ ਜਸਟਿਸ ਕਾਜ਼ੀ ਫੈਜ਼ ਈਸਾ ਨੇ ਕਿਹਾ, 'ਸਾਨੂੰ ਇਹ ਨਹੀਂ ਲੱਗਿਆ ਕਿ ਭੁੱਟੋ ਮਾਮਲੇ 'ਚ ਨਿਰਪੱਖ ਸੁਣਵਾਈ ਹੋਈ ਤੇ ਇਹੀ ਲੱਗਦਾ ਹੈ ਕਿ ਕੇਸ 'ਚ ਕਈ ਖ਼ਾਮੀਆਂ ਸਨ। ਇਹ ਫੈਸਲਾ ਉਨ੍ਹਾਂ ਦੀ ਅਗਵਾਈ ਵਾਲੀ ਨੌਂ ਮੈਂਬਰੀ ਬੈਂਚ ਵੱਲੋਂ ਸਰਬਸੰਮਤੀ ਨਾਲ ਲਿਆ ਗਿਆ। ਇਹ ਫੈਸਲਾ ਬਿਲਾਵਲ ਭੁੱਟੋ ਦੇ ਪਿਤਾ ਆਸਿਫ਼ ਅਲੀ ਜ਼ਰਦਾਰੀ ਵੱਲੋਂ 2011 ਵਿੱਚ ਰਾਸ਼ਟਰਪਤੀ ਵਜੋਂ ਆਪਣੇ ਕਾਰਜਕਾਲ ਦੌਰਾਨ ਦਾਇਰ ਅਰਜ਼ੀ ਦੇ ਜਵਾਬ ਵਿੱਚ ਆਇਆ ਹੈ। ਇਸ ਵਿੱਚ ਪੀਪੀਪੀ ਦੇ ਸੰਸਥਾਪਕ ਨੂੰ ਸੁਣਾਈ ਗਈ ਮੌਤ ਦੀ ਸਜ਼ਾ 'ਤੇ ਮੁੜ ਵਿਚਾਰ ਕਰਨ ਬਾਰੇ ਸਿਖਰਲੀ ਅਦਾਲਤ ਤੋਂ ਰਾਏ ਮੰਗੀ ਗਈ ਸੀ। ਭੁੱਟੋ ਜ਼ਰਦਾਰੀ ਨੇ ਬਾਅਦ ਵਿੱਚ ਇੱਕ ਪੋਸਟ ਵਿੱਚ ਕਿਹਾ, 'ਸਾਡੇ ਪਰਿਵਾਰ ਨੇ ਇਹ ਸ਼ਬਦ ਸੁਣਨ ਲਈ 3 ਪੀੜ੍ਹੀਆਂ ਦਾ ਇੰਤਜ਼ਾਰ ਕੀਤਾ।' ਅਦਾਲਤ ਇਸ ਬਾਰੇ ਵਿਸਥਾਰਤ ਹੁਕਮ ਬਾਅਦ ਵਿੱਚ ਜਾਰੀ ਕਰੇਗੀ।


ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*

SPOUSAL SPONSORSHIP*

STUDY- WORK PERMIT & LMIA*

CIC REFUSAL APPEAL CASES*

PR & CITIZENSHIP APPLICATION*

INDIAN VISA-NAME CHANGE APPLICATION

PCC-OCI-RTI APPLICATIONS

IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097

By Appointment Only

#202-12677-80AVE SURREY



SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711



Harmanpreet Kaur

Punjabi Singer

ਵਿਆਹ ਸ਼ਾਦੀ, ਲੇਡੀਜ਼ ਸੰਗੀਤ ਜਾਗੋ, ਮਾਈਆਂ, ਘੋੜੀਆਂ, ਸੁਹਾਗ, ਪੰਜਾਬੀ ਮੇਲਾ, ਸ਼ੋਅ ਆਦਿ ਦੀ ਬੁਕਿੰਗ ਲਈ ਸੰਪਰਕ ਕਰੋ



Winner of Awaaz Punjabi
Voice of Punjab
India Got Talent

BEST IN PUNJAB FOLK SONGS

Ph:236-881-1276

Email:meriawaaz.music@gmail.com

YouTube harmanpreetofficial

# ਸੁਖਦੇਵ ਸਿੰਘ ਢੀਂਡਸਾ ਸਾਥੀਆਂ ਸਮੇਤ ਮੁੜ ਸ਼੍ਰੋਮਣੀ ਅਕਾਲੀ ਦਲ ਵਿੱਚ ਹੋਏ ਸ਼ਾਮਲ



ਨਵੀਂ ਦਿੱਲੀ:-ਟਕਸਾਲੀ ਅਕਾਲੀ ਆਗੂ ਸ. ਸੁਖਦੇਵ ਸਿੰਘ ਢੀਂਡਸਾ ਵੱਲੋਂ ਆਪਣੇ ਸਮੁੱਚੇ ਸਾਥੀਆਂ ਸਮੇਤ ਆਪਣੀ ਮਾਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਵਿੱਚ ਘਰ ਵਾਪਸੀ ਕਰਕੇ ਬਹੁਤ ਹੀ ਚੰਗਾ ਕਾਰਜ ਕੀਤਾ ਹੈ। ਇਸਦੇ ਲਈ ਸ. ਸੁਖਦੇਵ ਸਿੰਘ ਢੀਡਸਾ, ਸ. ਪਰਮਿੰਦਰ ਸਿੰਘ ਢੀਡਸਾ ਤੇ ਉਹਨਾਂ ਦੇ ਸਾਥੀ ਵਧਾਈ ਦੇ ਪਾਤਰ ਹਨ। ਇਸ ਪੰਥਕ ਏਕਤਾ ਨਾਲ ਨਾ ਸਿਰਫ ਸਾਡੀ ਇੱਕੋ ਇੱਕ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਬਲ ਮਿਲਿਆ ਹੈ ਸਗੋਂ ਉੱਥੇ ਹੀ ਪੰਥਕ ਮਸਲਿਆਂ ਦੇ ਹੱਲ ਤੇ ਪੰਥ ਦੇ ਵਡੇਰੇ ਹਿੱਤਾਂ ਲਈ ਵੀ ਇਹ ਏਕਤਾ ਸਹਾਈ ਹੋਵੇਗੀ। ਸਾਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਸ. ਸੁਖਦੇਵ ਸਿੰਘ ਢੀਂਡਸਾ ਨੇ ਵੇਲੇ ਸਿਰ ਸਹੀ ਫੈਸਲਾ ਲਿਆ ਹੈ। ਦਿੱਲੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਪ੍ਰੈਸ ਨੂੰ ਜਾਰੀ ਇਕ ਬਿਆਨ ਰਾਹੀਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਵੱਲੋਂ ਜੋ ਪਿਛਲੇ ਸਮੇਂ ਦੌਰਾਨ ਪੰਥਕ ਏਕਤਾ ਲਈ ਯਤਨ ਕੀਤੇ ਗਏ ਤੇ ਪੰਜਾਬ ਦੇ ਮਸਲਿਆਂ ਨੂੰ ਲੈ ਕੇ ਜਿਸ ਤਰ੍ਹਾਂ ਲਗਾਤਾਰ ਆਵਾਜ਼ ਬੁਲੰਦ ਕੀਤੀ ਜਾ ਰਹੀ ਹੈ । ਉਸਨੂੰ ਦੇਖਕੇ ਸ. ਸੁਖਦੇਵ ਸਿੰਘ ਢੀਂਡਸਾ ਨੇ ਵਾਪਸੀ ਦਾ ਫੈਸਲਾ ਕੀਤਾ ਹੈ। ਇਸਦੇ ਨਾਲ ਹੀ ਮੇਰੀ ਹੋਰਨਾਂ ਪੰਥਕ ਆਗੂਆਂ ਨੂੰ ਵੀ ਅਪੀਲ ਹੈ ਕਿ ਉਹ ਆਪਣੇ ਮਤਭੇਦ ਭੁਲਾਕੇ ਪੰਥ ਦੇ ਵਡੇਰੇ ਹਿੱਤਾਂ ਦੇ ਲਈ ਆਪਣੀ ਮਾਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਵਿੱਚ ਵਾਪਸੀ ਕਰਦਿਆਂ ਪੰਥ ਤੇ ਪੰਜਾਬ ਦੇ ਹਿੱਤਾਂ ਲਈ ਇਕਜੁਟ ਹੋ ਕੇ ਲੜਾਈ ਲੜਨ ਲਈ ਇਕੱਠੇ ਹੋਣ ਕਿਉਂਕਿ ਜਿਹੋ ਜਿਹੇ ਹਾਲਤ ਅਜੋਕੇ ਸਮੇਂ ਵਿੱਚ ਬਣੇ ਹੋਏ ਹਨ। ਉਸਦੇ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਇਕਜੁਟ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਸਾਰਿਆਂ ਨੂੰ ਪੰਥਕ ਹਿੱਤਾਂ ਲਈ ਆਪਸੀ ਵਖਰੇਵੇਂ ਪਾਸੇ ਰੱਖ ਕੇ ਇਕਜੁਟ ਹੋਣਾ ਚਾਹੀਦਾ ਹੈ।


GOLDEN STAR PAINTING

ਸਾਨੂੰ ਵਰਕਰਾਂ ਦੀ ਲੋੜ ਹੈ

ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ



Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ:604-897-5750



ਮਨ ਮਨੁੱਖ ਦੀ ਕੁੰਜੀ ਹੈ — Mind is the key to the man.

NATURAL HOMEOPATHIC SOLUTIONS

Homeopathic Natural Products And Consultations

- Stress
- Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

- Children & Ladies Problems and much more

We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.

ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋਂ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads



Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਸਿਰਦਾਰ ਕਪੂਰ ਸਿੰਘ ਦੇ ਚਿੰਤਨ, ਸਿੱਖ ਫਲਸਫੇ ਦੀ ਵਿਆਖਿਆ ਤੇ ਉਨ੍ਹਾਂ ਦੀਆਂ ਲਿਖਤਾਂ ਦੀ ਡੂੰਘਾਈ

ਸਿੱਖ ਰਾਜਨੀਤੀ ਬਾਰੇ ਫੇਸਬੁੱਕ ‘ਤੇ ਟਿੱਪਣੀਆਂ ਦੀ ਭਰਮਾਰ ਹੁੰਦੀ ਹੈ ਪਰ ਇਨ੍ਹਾਂ ਨੂੰ ਪੜ੍ਹ ਕੇ ਇਹ ਪਤਾ ਲੱਗ ਜਾਂਦਾ ਹੈ ਕਿ ਬਹੁਤੇ ਲੋਕਾਂ, ਨਾ ਮਾਡਰੇਟ ਤੇ ਨਾ ਰੈਡੀਕਲ ਰਾਜਨੀਤੀ ਕਰਨ ਦਾ ਦਾਅਵਾ ਕਰਨ ਵਾਲਿਆਂ ਨੇ, ਸਿਰਦਾਰ ਸਾਹਿਬ ਨੂੰ ਜਾਂ ਤਾਂ ਉੱਕਾ ਹੀ ਨਹੀਂ ਪੜਿਆ ਤੇ ਜਾਂ ਮਾੜਾ ਮੋਟਾ ਹੀ ਪੜ੍ਹਿਆ ਹੈ।

ਬਹੁਤੇ ਸੱਜਣ ਉਨ੍ਹਾਂ ਦੀਆਂ ਲਿਖਤਾਂ ਨੂੰ ਅਸਲ ਵਿਚ ਚੱਜ ਨਾਲ ਜਾਂ ਸਮੁੱਚਤਾ 'ਚ ਪੜ੍ਹੇ ਬਗੈਰ ਹੀ ਇਧਰੋਂ ਉਧਰੋਂ ਕਾਪੀ-ਪੇਸਟ ਕਰਕੇ ਛੋਟਾ-ਮੋਟਾ ਹਵਾਲਾ ਵਰਤ ਕੇ ਪੁਰਾਣੀ ਲੀਡਰਸ਼ਿਪ ਨੂੰ ਭੰਡਣ ਲਈ ਤਾਂ ਵਰਤਦੇ ਨੇ ਪਰ ਉਨ੍ਹਾਂ ਵੱਲੋਂ ਸਿੱਖ ਰਾਜਨੀਤਿਕ ਸਥਿਤੀ ਬਾਰੇ ਗੰਭੀਰ ਟਿੱਪਣੀਆਂ ਤੇ ਉਨ੍ਹਾਂ ਵੱਲੋਂ ਸੁਝਾਏ ਰਸਤੇ ਬਾਰੇ ਕੋਈ ਗੰਭੀਰ ਚਰਚਾ ਨਹੀਂ ਕਰਦੇ। ਉਨ੍ਹਾਂ ਦੀਆਂ ਲਿਖਤਾਂ ਦੀ ਗੰਭੀਰਤਾ ਨਾਲ ਪੜ੍ਹਾਈ ਤੇ ਉਨ੍ਹਾਂ ਤੇ ਅਗਾਂਹ ਦਾ ਚਿੰਤਨ ਮੋਟੇ ਤੌਰ ‘ਤੇ ਮਨਫ਼ੀ ਹੈ।


ਮਾਡਰੇਟ ਸਿੱਖ ਰਾਜਨੀਤੀ, ਜਿਸੇ ਦੇ ਕੁਰਾਹੇ ਪੈਣ ਬਾਰੇ ਪੇਸ਼ਨਗੋਈ ਸਿਰਦਾਰ ਸਾਹਿਬ ਨੇ ਸੰਤ ਫਤਿਹ ਸਿੰਘ ਵੇਲੇ ਹੀ ਸਖਤ ਲਫ਼ਜ਼ਾਂ 'ਚ ਕਰ ਦਿੱਤੀ ਸੀ, ਦਾ ਤਾਂ ਚਲੋ ਪ੍ਰਕਾਸ਼ ਸਿੰਘ ਬਾਦਲ ਨੇ ਪੂਰਾ ਬੇੜਾ ਗਰਕ ਕਰ ਹੀ ਦਿੱਤਾ, ਰੈਡੀਕਲ ਰਾਜੀਨੀਤੀ ਦਾ ਦਾਅਵਾ ਕਰਨ ਵਾਲੇ ਬਹੁਤੇ ਸੱਜਣ ਵੀ ਉਨ੍ਹਾਂ ਦੇ ਰਾਜਨੀਤਕ ਚਿੰਤਨ ਤੋਂ ਅਭਿੱਜ ਜਾਪਦੇ ਨੇ।

ਜਿਹੜੀਆਂ ਅਲਾਮਤਾਂ ਤੇ ਰੁਚੀਆਂ ਤੋਂ ਉਨ੍ਹਾਂ ਸਾਵਧਾਨ ਕੀਤਾ, ਉਹ ਹਰ ਰੰਗ ਦੀ ਰਾਜਨੀਤੀ 'ਚ ਸਾਰੇ ਪਾਸੇ ਪ੍ਰਧਾਨ ਨਜ਼ਰ ਆਉਂਦੀਆਂ ਨੇ।

ਇਥੇ ਉਨ੍ਹਾਂ ਦਾ 23 ਦਸੰਬਰ 1967 ਦੇ ਪਰਚੇ "ਠਹਣ ਸ਼ਿਕਹ ਸ਼ਿਟੁਓਟਿਨ ਅਡਟਣਰ ੋਓਸਟਣਰ ਠਓਰਓ ਸ਼ਿਨਗਹ" ਵਿਚੋਂ ਇਸ ਪੇਜ ਤੇ ਪਹਿਲਾਂ ਉਲੱਥਾ ਕਰਕੇ ਪੋਸਟ ਕੀਤੇ ਕੁਝ ਅੰਸ਼ ਵੀ ਦੁਬਾਰਾ ਪਾ ਰਹੇ ਹਾਂ। ਇਹ ਸਮੁੱਚੀ ਲਿਖਤ ਹੀ ਸਾਰਿਆਂ ਨੂੰ ਪੜ੍ਹਨੀ ਚਾਹੀਦੀ ਹੈ, ਅੱਜ ਦੇ ਹਾਲ ਦੀਆਂ ਜੜ੍ਹਾਂ ਬਾਰੇ ਵੀ ਬਹੁਤ ਕੁਝ ਸਮਝ ਆਵੇਗਾ :

"1. ਮਾਸਟਰ ਤਾਰਾ ਸਿੰਘ ਦੀ 82 ਸਾਲ ਦੀ ਵਡੇਰੀ ਉਮਰੇ ਹੋਈ ਮੌਤ ਨਾਲ ਸਿੱਖ ਜਗਤ ਵਿੱਚੋਂ ਇੱਕ ਅਜਿਹੀ ਸ਼ਖ਼ਸੀਅਤ ਓਹਲੇ ਹੋਈ ਹੈ, ਜਿਸ ਨੇ ਨਾ ਸਿਰਫ਼ ਕਈ ਦਹਾਕਿਆਂ ਤੱਕ ਇਸ ਦੀ ਸਿਆਸਤ ਵਿੱਚ ਦਬਦਬਾ ਕਾਇਮ ਕੀਤਾ ਹੋਇਆ ਸੀ, ਸਗੋਂ ਜਿਸ ਨੇ ਸਿੱਖਾਂ ਦੀ ਭਵਿੱਖੀ ਸਿਆਸਤ ਨੂੰ ਉਨ੍ਹਾਂ ਠੋਸ ਲੀਹਾਂ ‘ਤੇ ਪਾਉਣ ਵਿਚ ਵੀ ਅਹਿਮ ਭੂਮਿਕਾ ਨਿਭਾਈ ਸੀ, ਜਿਨ੍ਹਾਂ ‘ਤੇ ਸਿਖਾਂ ਦੀ ਰਾਜਨੀਤੀ ਨੂੰ ਆਉਣ ਵਾਲੇ ਵਾਲੇ ਕਈ ਦਹਾਕਿਆਂ ਤੱਕ ਜ਼ਰੂਰ ਚਲਣਾ ਚਾਹੀਦਾ ਹੈ। ਜਿੰਨਾਂ ਉਹ ਉਸ ਸਮੇਂ ਦੀ ਉਤਪੱਤੀ ਸੀ ਜਿਸ ਨੇ ਉਸ ਨੂੰ ਉਭਾਰਿਆ ਅਤੇ ਜਿਸ ਰਾਹੀਂ ਉਹ ਅੱਗੇ ਵਧਿਆ, ਓਨਾ ਹੀ ਉਹ ਪਿਛਲੇ ਪੰਜ ਸੌ ਸਾਲਾਂ ਦੌਰਾਨ ਸਿਖਾਂ ਨੂੰ ਰੂਪ ਦੇਣ ਵਾਲੇ ਅਤੇ ਉਹਨਾਂ ਨੂੰ ਜੀਵੰਤ ਕਰਨ ਵਾਲੇ ਵਾਲੇ ਇਤਿਹਾਸਕ ਹੁਲਾਰਿਆਂ ਦਾ ਪ੍ਰਤੀਨਿਧ ਸੀ। ਉਸ ਦੀਆਂ ਅਸਫਲਤਾਵਾਂ ਉਸਦੀਆਂ ਪ੍ਰਾਪਤੀਆਂ ਨਾਲੋਂ ਵਧੇਰੇ ਸਪੱਸ਼ਟ ਅਤੇ ਅਣਗਿਣਤ ਹਨ ਕਿਉਂਕਿ ਉਹ ਆਮ ਤੌਰ 'ਤੇ ਇੱਕ ਗੈਰ-ਪ੍ਰਾਪਤੀ ਵਾਲਾ ਸੀ, ਪਰ ਉਸਦੀ ਮਹੱਤਵਪੂਰਨ ਸਫਲਤਾ ਇਸ ਵਿੱਚ ਨਿਸ਼ਚਤ ਤੌਰ 'ਤੇ ਹੈ, ਕਿ ਉਸਨੇ ਭਾਰਤ ਦੇ ਇਤਿਹਾਸ ਵਿੱਚ, ਅਤੇ ਉਸ ਰਾਹੀਂ, ਸੰਸਾਰ ਦੇ ਇਤਿਹਾਸ ਵਿੱਚ, ਸਿੱਖ ਲੋਕਾਂ, ਪੰਥ ਦੀ, ਅਸਲ ਕਿਸਮਤ ਬਾਰੇ ਇੱਕ ਕਮਾਲ ਦੀ ਸਮਝ ਦਿਖਾਈ ਅਤੇ ਆਪਣੇ ਤਰੀਕੇ ਨਾਲ, ਆਪਣੇ ਲੋਕਾਂ ਅਤੇ ਸੰਸਾਰ ਦੇ ਸਾਹਮਣੇ ਇਸ ਕਿਸਮਤ ਦੀ ਇੱਕ ਮੋਟੀ ਜਿਹੀ ਤਸਵੀਰ ਰੱਖਣ ਲਈ ਸਮੇਂ ਦੀਆਂ ਤਰੰਗਾਂ ਸਾਹਮਣੇ ਡਟਿਆ ਰਿਹਾ।"

"5. ਇਸੇ ਪਿਛੋਕੜ ਵਿਚ ਹੀ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿਚ ਸਿੱਖਾਂ ਦੀ ਮੰਗ ਉੱਠੀ ਕਿ ਭਾਰਤੀ ਪੰਜਾਬ ਅਤੇ ਇਸ ਦੇ ਨਾਲ ਲੱਗਦੇ ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਵਿਚੋਂ ਪੰਜਾਬੀ ਸੂਬਾ ਬਣਾਉਣ ਦੀ ਮੰਗ ਕੀਤੀ ਗਈ। ਪੰਜਾਬੀ ਸੂਬਾ ਇਕ ਅਸਪਸ਼ਟ ਜਿਹਾ ਸੰਕਲਪ ਸੀ ਜੋ ਨਾ ਤਾਂ ਸੰਵਿਧਾਨ ਐਕਟ ਵਿੱਚ ਫਿੱਟ ਕੀਤਾ ਗਿਆ ਸੀ ਅਤੇ ਨਾ ਹੀ ਇਸਦੀ ਬੁਨਿਆਦ ਦੇ ਵਿਰੁੱਧ ਸੀ। ਮਾਸਟਰ ਤਾਰਾ ਸਿੰਘ ਨੇ, ਹਾਲਾਂਕਿ, ਆਪਣੇ ਜਨਤਕ ਬਿਆਨਾਂ ਅਤੇ ਲਿਖਤਾਂ ਰਾਹੀਂ ਇਹ ਵਾਰ-ਵਾਰ ਸਪੱਸ਼ਟ ਕੀਤਾ ਹੈ ਕਿ ਪੰਜਾਬੀ ਸੂਬਾ f() ਅਜਿਹਾ ਹੋਣਾ ਚਾਹੀਦਾ ਹੈ ਜਿਵੇਂ ਕਿ ਮੁੱਖ ਸਿੱਖ-ਅਬਾਦੀ ਵਾਲੇ ਇਲਾਕਿਆਂ ਨੂੰ ਇੱਕ ਸਰਕਾਰ ਦੇ ਅਧੀਨ ਇਕੱਠਾ ਕੀਤਾ ਜਾਵੇ ਅਤੇ ਇਹ f() ਗਰੰਟੀ ਹੋਵੇ ਤੇ ਯਕੀਨੀ ਬਣਾਵੇ ਕਿ ਸਿੱਖ ਲੋਕਾਂ ਦੀ ਰਾਜਨੀਤਿਕ ਸ਼ਕਤੀ ਉਹਨਾਂ ਨੂੰ ਇੱਕ ਸੰਯੁਕਤ ਭਾਰਤ ਅਤੇ ਇੱਕ ਭਾਰਤੀ ਰਾਸ਼ਟਰ ਦੇ ਅੰਦਰ ਸ਼ਾਸਕ ਭਾਈਚਾਰੇ ਦੇ ਸਹਿ-ਸਮਾਨਤਾ ਵਜੋਂ ਮਾਨਤਾ ਅਤੇ ਸਥਾਪਿਤ ਕਰੇ। ਉਨ੍ਹਾਂ (ਮਾਸਟਰ ਜੀ) ਦਾ ਇਹੀ ਮਤਲਬ ਸੀ ਜਦੋਂ ਵੀ ਉਨ੍ਹਾਂ ਨੇ ਸਟੀਕ ਭਾਸ਼ਾ ਨਾਲੋਂ ਜ਼ਿਆਦਾ ਭਾਵੁਕ ਹੋ ਕੇ ਤੇ ਜ਼ੋਰ ਦੇ ਕੇ ਕਿਹਾ ਕਿ ਪੰਥ ਨੂੰ ਭਾਰਤ ਦੇ ਰਾਜਨੀਤਿਕ ਪ੍ਰਬੰਧਾਂ ਵਿੱਚ ਇੱਕ ਬੁਨਿਆਦੀ ਹਸਤੀ ਵਜੋਂ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ ਅਤੇ ਸਮਝਿਆ ਜਾਣਾ ਚਾਹੀਦਾ ਹੈ ਨਾ ਕਿ ਇੱਕ ਅਖੌਤੀ, ਧਰਮ ਨਿਰਪੱਖ ਰਾਸ਼ਟਰ ਦੇ ਚੂਰਾ ਚੂਰਾ ਕੀਤੇ ਨਾਗਰਿਕਾਂ ਦੇ ਇੱਕ ਅਪ੍ਰਸੰਗਿਕ ਸਮੂਹ ਵਜੋਂ ਅਤੇ ਇਹ ਵੀ ਕਿ, ਸਿੱਖ ਆਪਣੇ ਵੱਡੇ ਭਰਾਵਾਂ, ਹਿੰਦੂਆਂ ਦੇ ਸਬੰਧ ਵਿੱਚ ਦੂਜੇ ਦਰਜੇ ਦੇ ਨਾਗਰਿਕਾਂ ਦਾ ਦਰਜਾ ਸਵੀਕਾਰ ਕਰਨ ਤੋਂ ਪੱਕੇ ਤੌਰ 'ਤੇ ਇਨਕਾਰ ਕਰਦੇ ਹਨ। ਇਸ ਲਈ (ਇਹ ਕੁਝ ਕਹਿਣ ਕਾਰਨ), ਉਨ੍ਹਾਂ ਨੂੰ ਬਦਨਾਮ ਕਰਨ ਲਈ ਕੂੜ-ਪ੍ਰਚਾਰ ਦੀ ਮੁਹਿੰਮ ਦਾ ਨਿਸ਼ਾਨਾ ਬਣਾਇਆ ਗਿਆ ਅਤੇ ਪਿਛਲੇ ਦੋ ਦਹਾਕਿਆਂ ਦੌਰਾਨ, ਉਨ੍ਹਾਂ ਨੂੰ ਫਿਰਕਾਪ੍ਰਸਤ, ਇੱਕ ਅੜਿਕੇਬਾਜ਼, ਇੱਕ ਪਾਕਿਸਤਾਨ-ਨਿਰਦੇਸ਼ਿਤ ਗੱਦਾਰ ਅਤੇ ਇੱਕ ਮਾਨਸਿਕ ਤੌਰ ‘ਤੇ ਹਿੱਲੇ ਹੋਏ ਵਰਗੇ ਲੇਬਲ ਵਰਤ ਕੇ ਜ਼ੁਲਮ ਤੇ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ ਅਤੇ ਲਗਭਗ ਓਨੀ ਹੀ ਵਾਰੀ ਕੈਦ ਕੀਤਾ ਗਿਆ, ਜਿੰਨੀ ਵਾਰੀ ਵਿਦੇਸ਼ੀ ਸ਼ਾਸਕਾਂ ਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਲੜਨ ਦੀ ਸਜ਼ਾ ਵਜੋਂ ਕੈਦ ਕੀਤਾ ਸੀ।"



6 "1966 ਵਿੱਚ, ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ, ਜਿਸ ਨੇ ਮਾਸਟਰ ਤਾਰਾ ਸਿੰਘ ਨੂੰ ਧੋਖੇਬਾਜ਼ ਵਾਅਦਿਆਂ ਰਾਹੀਂ ਮਰਨ ਵਰਤ ਛੱਡਣ ਲਈ ਮਨਾ ਕੇ ਅਸਲ ਵਿੱਚ ਉਨ੍ਹਾਂ ਦਾ ਕਤਲ ਕੀਤਾ ਸੀ, ਜਦਕਿ ਉਸਦਾ ਇਨ੍ਹਾਂ ਵਾਅਦਿਆਂ ਨੂੰ ਪੂਰਾ ਕਰਨ ਦਾ ਕਦੇ ਵੀ ਇਰਾਦਾ ਨਹੀਂ ਸੀ, ਅਤੇ ਆਪਣੇ ਮਕਸਦ ਦੀ ਪ੍ਰਾਪਤੀ ਤੋਂ ਤੁਰੰਤ ਬਾਅਦ (ਉਨ੍ਹਾਂ ਵਾਅਦਿਆਂ) ਨੂੰ ਰੱਦ ਕਰ ਦਿੱਤਾ ਗਿਆ ਸੀ, ਸੀਨ ‘ਤੇ ਮੌਜੂਦ ਨਹੀਂ ਸੀ। ਅੰਤਰ-ਰਾਸ਼ਟਰੀ ਘਟਨਾਵਾਂ ਕਾਰਨ ਸਿੱਖਾਂ ਪ੍ਰਤੀ ਹੁਣ ਤੱਕ ਅਪਣਾਏ ਗਏ ਸਖ਼ਤ ਰੁਖ ਨੂੰ ਕੁਝ ਨਰਮ ਕਰਨ ਦੀ ਲੋੜ ਬਣੀ। ਉਸ ਸਮੇਂ ਇੱਕ ਇੱਕ ਭਾਸ਼ਾਈ ਪੰਜਾਬੀ ਰਾਜ ਦੀ ਇੱਕ ਕੱਟੇ ਵੱਢੇ, ਕੀੜੇ ਖਾਧੀ ਗਹਣਟਟੋ (ਘੱਟ-ਗਿਣਤੀ/ਅਸੁਰੱਖਿਅਤ/ਨਿਖੇੜੇ ਗਏ ਲੋਕਾਂ ਦੀ ਰਹਿਣ-ਥਾਂ) ਤਿਆਰ ਕੀਤੀ ਗਈ ਸੀ ਪਰ ਇਹ ਵੀ ਉਦੋਂ ਤੱਕ ਨਹੀਂ ਕੀਤੀ ਗਈ ਜਦੋਂ ਤੱਕ ਤਾਕਤਵਰ ਸਿੱਖ ਗੁਰਦੁਆਰਿਆਂ ਉੱਪਰ ਇੱਕ ਨਵੀਂ ਸਿੱਖ ਲੀਡਰਸ਼ਿਪ ਦਾ ਕੰਟਰੋਲ ਨਹੀਂ ਕਰਾਇਆ ਗਿਆ, ਜਿਹੜੇ (ਇਹ ਨਵੀ ਲੀਡਰਸ਼ਿਪ) ਇਸ ਮੂਲ-ਵਿਸ਼ਵਾਸ਼ ਦੇ ਪੱਕੇ ਧਾਰਨੀ ਨੇ ਕਿ (ੳ) ਸਿੱਖ, ਕੌਮੀ ਤੌਰ ਤੇ, ਰਾਜਨੀਤਿਕ ਇੱਛਾਵਾਂ ਰੱਖਣ ਜਾਂ ਆਪਣੀਆਂ ਮੰਗਾਂ ਕਰਨ ਦੇ ਅਯੋਗ ਹਨ, ਅਤੇ (ਅ) ਨਵਾਂ ਸਥਾਪਤ ਪੰਜਾਬ ਸਿਰਫ ਭਾਸ਼ਾ ਅਧਾਰਤ ਸੂਬਾ ਹੈ, ਜਿਸਦਾ ਸਿੱਖ ਲੋਕਾਂ ਦੀਆਂ ਰਾਜਨੀਤਿਕ ਇੱਛਾਵਾਂ ਅਤੇ ਮੰਗਾਂ, ਉਨ੍ਹਾਂ ਦੇ ਖਾਲਸਾਈ ਤੱਤ ਨਾਲ ਇਸਦਾ ਕੋਈ ਵਾਹ ਵਾਸਤਾ ਨਹੀਂ। ਇਹ ਲੀਡਰਸ਼ਿਪ ਇਹ ਵੀ ਦਾ ਐਲਾਨ ਕਰਦੀ ਹੈ ਕਿ ਉਨ੍ਹਾਂ ਦੀ ਉੱਤੇ ਦੱਸੀ ਨੀਤੀ ਦੇ ਉਲਟ ਚੱਲਣ ਵਾਲੇ ਤੇ ਖਾਲਸੇ ਦੇ ਮੂਲ ਉਦੇਸ਼ਾਂ ਨਾਲ ਜੁੜੇ ਸਾਰੇ ਰੁਝਾਨਾਂ ਅਤੇ ਸ਼ਕਤੀਆਂ ਨਾਲ ਲੜਨ ਨੂੰ ਨਸ਼ਟ ਕਰਨ ਲਈ ਉਹ ਦ੍ਰਿੜ ਸੰਕਲਪ ਹਨ। ਇਹ ਲੀਡਰਸ਼ਿਪ ਅਤੇ ਵਿਚਾਰਧਾਰਾ ਫਿਰ ਸਰਗਰਮੀ ਨਾਲ ਅਜਿਹੀਆਂ ਨੀਤੀਆਂ ਨੂੰ ਅਪਣਾਉਣ ਦਾ ਯਤਨ ਕਰਦੀ ਹੈ, ਜੋ ਮੂਲ ਸਿੱਖ ਭਾਵਨਾਵਾਂ ਨੂੰ ਨਕਾਰਾਤਮਕ ਕਰ ਸਕਦੀਆਂ ਹਨ, ਪਿਛਲੀਆਂ ਦੋ ਸਦੀਆਂ ਅਤੇ ਇਸ ਤੋਂ ਵੱਧ ਸਮੇਂ ਦੌਰਾਨ ਖਾਲਸੇ ਦੀਆਂ ਇਤਿਹਾਸਕ ਪ੍ਰਾਪਤੀਆਂ ਨੂੰ ਰੱਦ ਕਰ ਸਕਦੀਆਂ, ਅਤੇ ਮਨੁੱਖ ਜਾਤੀ ਦੇ ਹੁਣ ਤੱਕ ਸਥਾਪਤ ਕੀਤੇ ਗਏ ਵਿਲੱਖਣ ਅਤੇ ਸਭ ਤੋਂ ਕਮਾਲ ਦੇ ਰਾਜਨੀਤਿਕ ਸਮਾਜ, ਖਾਲਸਾ, ਨੂੰ ਖਤਮ ਕਰ ਸਕਦੀਆਂ ਹਨ। ਅਤੀਤ ਵਿਚ ਕਦੇ ਵੀ ਸਿੱਖਾਂ ਵਿਰੁੱਧ ਅਜਿਹੀ ਸ਼ੈਤਾਨੀ ਸਾਜ਼ਿਸ਼ ਨਹੀਂ ਰਚੀ ਗਈ ਸੀ, ਸਿਵਾਏ ਅਠਾਰਵੀਂ ਸਦੀ ਦੇ ਪਹਿਲੇ ਅੱਧ ਵਿਚ ਜਦੋਂ ਸਿੱਖਾਂ ਦੀ ਇਕ ਜਮਾਤ, ਜਿਸ ਨੂੰ ਹਿੰਦਾਲੀਆ ਕਿਹਾ ਜਾਂਦਾ ਸੀ, ਨੇ ਇਕ ਹਰਭਗਤ ਦੀ ਅਗਵਾਈ ਵਿਚ ਅੰਮ੍ਰਿਤਸਰ ਦੇ ਨੇੜੇ ਜੰਡਿਆਲਾ ਵਿਖੇ ਆਪਣਾ ਹੈੱਡਕੁਆਰਟਰ ਸਥਾਪਿਤ ਕੀਤਾ ਸੀ ਤੇ ਨਿਰੰਜਨੀਆ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਸੀ। ਉਨ੍ਹਾਂ ਨੇ ਇੱਕ ਨਕਲੀ ਦਰਬਾਰ ਸਾਹਿਬ ਅਤੇ ਸਰੋਵਰ ਦਾ ਨਿਰਮਾਣ ਕੀਤਾ, ਗੁਰੂ ਨਾਨਕ ਦੇਵ ਜੀ ਦੀ ਇੱਕ ਸ਼ੱਕੀ ਕਿਸਮ ਦੀ ਜਨਮਸਾਖੀ ਤਿਆਰ ਕੀਤੀ, ਅਤੇ ਘੋਸ਼ਣਾ ਕੀਤੀ ਕਿ ਸਿੱਖ ਧਰਮ ਦੀ ਅਸਲ ਕਿਸਮਤ ਹਿੰਦੂਆਂ ਦੀ ਵਧਦੀ ਗਿਣਤੀ ਨੂੰ ਇਸਲਾਮ ਵਿੱਚ ਬਦਲਣ ਲਈ ਇੱਕ ਤੇਜ਼- ਪ੍ਰੇਰਕ ਵਜੋਂ ਕੰਮ ਕਰਨਾ ਹੈ ਤਾਂ ਜੋ ਭਾਰਤ ਨੂੰ ਇੱਕ ਸੱਚੇ ਦਾਰ ਉਲ ਇਸਲਾਮ, ਇੱਕ ਇਸਲਾਮੀ ਰਾਜ ਅਤੇ ਸਮਾਜ ਵਿਚ ਬਦਲਿਆ ਜਾ ਸਕੇ। ਇਹਨਾਂ ਸਿੱਖਾਂ ਬਾਰੇ, ਸਮਕਾਲੀ ਮੁਸਲਮਾਨ ਲੇਖਕ ਦੱਸਦੇ ਹਨ ਕਿ ਉਹਨਾਂ ਨੇ ਸੁੰਨਤ ਅਤੇ ਰਸਮੀ ਮੁਸਲਮਾਨ ਪ੍ਰਾਰਥਨਾਵਾਂ ਅਤੇ ਵਰਤ ਵੀ ਰੱਖੇ ਸਨ। ਸਾਡੇ ਪੂਰਵਜਾਂ ਨੇ, ਇਸ ਮਾਰੂ ਚੁਣੌਤੀ ਦਾ ਸਾਹਮਣਾ ਕਰਦਿਆਂ, ਸੰਕਲਪ ਲਿਆ ਕਿ ਪਹਿਲੀ ਤਰਜੀਹ ਇਹਨਾਂ ਹਿੰਦਾਲਿਆ ਦੀਆਂ ਜੜ੍ਹਾਂ ਅਤੇ ਸ਼ਾਖਾਵਾਂ ਨੂੰ ਨਸ਼ਟ ਕਰਨਾ ਹੈ ਅਤੇ ਬਾਅਦ ਵਿੱਚ ਮੁਗਲ ਅਤੇ ਪਠਾਨ ਸਾਮਰਾਜੀਆਂ ਨਾਲ ਨਜਿੱਠਣਾ ਹੈ।"

## ਦਿੱਲੀ ਦੇ ਮਾਯਾਪੂਰੀ ਇਲਾਕੇ ਅੰਦਰ ਗੁਰਦਵਾਰਾ ਸਾਹਿਬ ਨੂੰ ਅੱਗ ਲਗਾ ਕੇ ਬੇਅਦਬੀ ਕਰਨ ਦੀ ਕੋਸ਼ਿਸ਼



ਨਵੀਂ ਦਿੱਲੀ:- ਬੀਤੇ ਦਿਨ ਦੀ ਸ਼ਾਮ ਨੂੰ ਤਕਰੀਬਨ 6.30 ਵਜੇ ਇਕ ਹਿੰਦੂ ਜਿਸ ਦਾ ਨਾਮ ਯੋਗੇਸ਼ ਕੁਮਾਰ ਪਤਾ ਲਗਿਆ ਹੈ ਓਹ ਮਾਯਾ ਪੂਰੀ ਇਲਾਕੇ ਅੰਦਰ ਖਜਾਨ ਬਸਤੀ ਦੇ ਗੁਰਦੁਆਰਾ ਸਿੰਘ ਸਭਾ ਜਾ ਕੇ ਆਪਣੀ ਪੈਂਟ ਉਤਾਰਦਾ ਹੈ ਤੇ ਜੇਬ ਵਿੱਚੋਂ ਲਾਈਟਰ ਕਢ ਕੇ ਇਕ ਹੱਥ ਵਿਚ ਫੜੇ ਕਪੜੇ ਨੂੰ ਲਾਈਟਰ ਨਾਲ ਅੱਗ ਲਗਾ ਕੇ ਕਹਿੰਦਾ ਮੈ ਗੁਰਦਵਾਰਾ ਸਾਹਿਬ ਨੂੰ ਅੱਗ ਲਾ ਦੇਵਾਂਗਾ। ਇਸ ਦੌਰਾਨ ਉੱਥੇ ਹਾਜਿਰ ਸੇਵਾਦਾਰ ਅਤੇ ਸੰਗਤ ਓਸ ਨੂੰ ਪਕੜ ਲੈਂਦੀ ਹੈ ਪੁੱਛਗਿੱਛ ਕਰਣ ਤੇ ਓਹ ਕਹਿੰਦਾ ਕਿ ਮੇਰੇ ਪਿੱਛੇ ਵਡੀਆਂ ਤਾਕਤਾਂ ਹਨ। ਫੜ ਹੋਣ ਮਗਰੋਂ ਇਸ ਦੀ ਤਲਾਸ਼ੀ ਵਿਚ ਬੀੜੀਆਂ, ਸਿਗਰਟਾਂ, ਤੰਬਾਕੂ ਅਤੇ ਲਾਈਟਰ ਨਿੱਕਲਦਾ ਹੈ। ਸੇਵਾਦਾਰ ਮਾਮਲੇ ਦੀ ਜਾਣਕਾਰੀ ਗੁਰਦਵਾਰਾ ਸਾਹਿਬ ਦੇ ਪ੍ਰਧਾਨ ਸਾਹਿਬ ਨੂੰ ਦੇ ਦੇਂਦਾ ਹੇ ਤੇ ਮਾਮਲਾ ਵਧਣ ਨਾਲ ਪੁਲਿਸ ਉੱਥੇ ਪਹੁੰਚਦੀ ਹੈ ਅਤੇ ਦੋਸ਼ੀ ਨੂੰ ਆਪਣੇ ਨਾਲ ਮਾਯਾ ਪੂਰੀ ਥਾਣੇ ਲੈ ਜਾਂਦੀ ਹੈ। ਸਿੱਖ ਭਾਈਚਾਰਾ ਵੱਡੀ ਗਿਣਤੀ ਵਿਚ ਉੱਥੇ ਹਾਜਿਰ ਹੋ ਕੇ ਆਪਣਾ ਰੋਸ ਪ੍ਰਗਟ ਕਰ ਰਿਹਾ ਸੀ। ਤਦ ਪੁਲਿਸ ਵਲੋਂ ਭਰੋਸਾ ਦਿਵਾਇਆ ਗਿਆ ਕਿ ਇਸ ਦੋਸ਼ੀ ਤੇ ਸਖ਼ਤ ਕਾਰਵਾਈ ਹੋਵੇਗੀ। ਮਾਮਲੇ ਦਾ ਪਤਾ ਲਗਦੇ ਹੀ ਇਸਦੇ ਪਰਿਵਾਰ ਵਾਲੇ ਓਸ ਦਾ ਮੈਡੀਕਲ ਕਾਗਜ ਲੈ ਕੇ ਥਾਣੇ ਪੁੱਜੇ ਤੇ ਕਹਿਣ ਲੱਗੇ ਕਿ ਇਸ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ। ਵਿਚਾਰਣ ਦੀ ਲੋੜ ਇਹ ਹੇ ਕਿ ਇਨ੍ਹਾਂ ਨੂੰ ਸਿਰਫ ਗੁਰਦੁਆਰਾ ਸਾਹਿਬ ਹੀ ਕਿਉਂ ਨਜ਼ਰ ਪੈਂਦੇ ਹਨ ਬੇਅਦਬੀਆਂ ਕਰਣ ਲਈ.? ਜਿਸ ਤਰ੍ਹਾਂ ਇਹ ਸਖਸ਼ ਕਹਿ ਰਿਹਾ ਕਿ ਮੇਰੇ ਪਿੱਛੇ ਵਡੀਆਂ ਤਾਕਤਾਂ ਹਨ ਕਿ ਉਨ੍ਹਾਂ ਦਾ ਪਤਾ ਲਗਾਇਆ ਜਾ ਸਕੇਗਾ ਜੋ ਦੇਸ਼ ਅੰਦਰ ਮਾਹੌਲ ਨੂੰ ਖਰਾਬ ਕਰਣ ਤੇ ਲੱਗੇ ਹੋਏ ਹਨ.? ਇਸ ਮੌਕੇ ਦਿੱਲੀ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ, ਮੈਂਬਰ ਵਿਕੀ ਮਾਨ, ਇੰਦਰਜੀਤ ਸਿੰਘ ਮੋਂਟੀ ਅਤੇ ਵੱਡੀ ਗਿਣਤੀ ਅੰਦਰ ਸੰਗਤਾਂ ਹਾਜਿਰ ਸਨ।

## ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸ਼ੋਸ਼ਣ ਕਰਨ ਵਾਲੇ ਸਕੂਲਾਂ ਖਿਲਾਫ ਸੂਬਾ ਸਰਕਾਰਾਂ ਨੇ ਕਾਰਵਾਈ ਨਾ ਕੀਤੀ ਤਾਂ ਫੈਡਰਲ ਸਰਕਾਰ ਉਨ੍ਹਾਂ ਖਿਲਾਫ ਐਕਸ਼ਨ ਲਵੇਗੀ:ਮਿਲਰ

ਔਟਵਾ: ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸ਼ੋਸ਼ਣ ਕਰਨ ਵਾਲੇ ਸਕੂਲਾਂ ਖਿਲਾਫ ਸੂਬਾ ਸਰਕਾਰਾਂ ਨੇ ਕਾਰਵਾਈ ਨਾ ਕੀਤੀ ਤਾਂ ਫੈਡਰਲ ਸਰਕਾਰ ਉਨ੍ਹਾਂ ਖਿਲਾਫ ਐਕਸ਼ਨ ਲਵੇਗੀ। ਉਨ੍ਹਾਂ ਕਿਹਾ ਕਿ ਜੇਕਰ ਸੂਬਾ ਸਰਕਾਰ ਵੱਲੋਂ ਬੱਚਿਆਂ ਦੀ ਲੁੱਟ-ਘਸੁੱਟ ਕਰਨ ਵਾਲਿਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ ਤਾਂ ਓਟਵਾ ਅੰਤਰਰਾਸ਼ਟਰੀ ਵਿਦਿਆਰਥੀ ਪ੍ਰੋਗਰਾਮ ਦਾ ਸ਼ੋਸ਼ਣ ਕਰਨ ਵਾਲੇ ਸ਼ੱਕੀ ਵਿਦਿਅਕ ਅਦਾਰਿਆਂ ਨੂੰ ਬੰਦ ਕਰਨ ਲਈ ਤਿਆਰ ਹੈ। ਮਿੱਲਰ ਨੇ ਕਿਹਾ ਕਿ ਕਿਹਾ ਕਿ ਅਜਿਹੇ ਵਿੱਦਿਅਕ ਅਦਾਰਿਆਂ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਇਹ ਸਾਰੀ ਗੱਲ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਿੱਲਰ ਵੱਲੋਂ ਪਾਰਲੀਮੈਂਟ ਵਿਚ ਕਹੀ ਗਈ ਤੇ ਨਾਲ ਹੀ ਕਿਹਾ ਗਿਆ ਕਿ ਅਜਿਹੇ ਅਪਰਾਧੀ ਪ੍ਰਾਈਵੇਟ ਸੈਕਟਰ ਵਿਚ ਹਨ। ਉਨ੍ਹਾਂ ਕਿਹਾ ਕਿ ਜੇਕਰ ਸੂਬਾ ਸਰਕਾਰ ਸ਼ੱਕੀ ਵਿੱਦਿਅਕ ਅਦਾਰਿਆਂ ਖਿਲਾਫ ਕਾਰਵਾਈ ਕਰਨ ਵਿਚ ਅਸਮਰਥ ਹਨ ਤਾਂ ਓਟਵਾ ਸਰਕਾਰ ਉਨ੍ਹਾਂ ਵਿਰੁੱਧ ਕਦਮ ਚੁੱਕਣ ਲਈ ਤਿਆਰ ਹੈ। ਮਿੱਲਰ ਨੇ ਦੱਸਿਆ ਕਿ ਕੈਨੇਡਾ ਵਿਚ ਪੜ੍ਹਨ ਲਈ ਵੀਜ਼ਾ ਵਾਲੇ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਪਿਛਲੇ ਸਾਲ 900,000 ਤੋਂ ਵੱਧ ਗਈ, ਜੋ ਪਿਛਲੇ ਸਮੇਂ ਨਾਲੋਂ ਤਿੰਨ ਗੁਣਾ ਵੱਧ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ ਵਿੱਚ ਵਾਧੇ ਨੇ ਅੰਤਰਰਾਸ਼ਟਰੀ ਵਿਦਿਆਰਥੀ ਪ੍ਰੋਗਰਾਮ ਦੀ ਜਾਂਚ ਵਿੱਚ ਵਾਧਾ ਕੀਤਾ ਹੈ, ਜਿਸ ਨਾਲ ਲਿਬਰਲਾਂ ਨੂੰ ਅਗਲੇ ਦੋ ਸਾਲਾਂ ਲਈ ਨਵੇਂ ਅਧਿਐਨ ਪਰਮਿਟਾਂ ‘ਤੇ ਕੈਪ ਲਗਾਉਣ ਲਈ ਪ੍ਰੇਰਿਆ ਗਿਆ ਹੈ।


FARM MORTGAGE SPECIALIST

Please Call:

SARBJIT DUBB, AMP

Mortgage Consultant

604-780-4497

Verico A.K. Mortgage Plus Inc.

AK Mortgage Professional Mortgage Consultants Plus

A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca

5 YEAR FIXED

5.29 %*

QUICK & EASY APPROVALS



*Rates are subject to change. O.A.C. Some Conditions Apply. VERICO A.K. MORTGAGE PLUS INC


DREAM BANQUET HALL
Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events
Capacity
350-375 seats
Dream Catering "Your Venue, Our Food"
We provide various Menu
Options to choose
ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ
For Bookings, Contact: 604-203-7272
7236 -120St, Surrey, BC
Email:info@dreambanquethall.ca


.Ck Auto.
CK AUTO SERVICES LTD.
«Tune Ups «Oil Change
«Wheel alignment
«Transmission «Electrical
«Air Condition
«Electronic Fuel Injection
«Brakes «Repairs
«Propane & Natural Gas
«Computerized Wheel Alignment
«Tires & Wheel Balancing
AUTO REPAIR SERVICES
-REASONABLE RATES
-EXPERIENCED -QUALITY WORK
.Ck Auto.
Cell: 778-322-1610
Tel: 604-592-2667
#106-13112-84th Ave.,Surrey
Open Mon to Sat 9 am to 6pm
SUNDAY CLOSED
TARSHOTAM BIRAN


ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ
(India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ
#1 Services On Your Special Events
SARDAR JI CATERING
SARDAR JI CATERING
Website:www.sardarjicatering.com
ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ
ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ
•ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
•ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
•ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
•ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
•LIVE FRESH ਕੁਕਿੰਗ •Excellent Food Presentation
•ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
•ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
•ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ
*No matter the Event *Count on us * Available for all occasions
ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ
For Catering Enquiries Contact: Off:206-517-4444, Cell:206-771-5079
6417 Roosevelt Way NE #105, Seattle WA 98115 Email:sardarjicatering@gmail.com


BHAI AJIT SINGH JI
AKATH KATHA & NAAM SIMRAN DIWAANS
FRIDAY 22 MARCH 7PM - 9PM
SATURDAY 23 MARCH 7PM - 9PM
SUNDAY 24 MARCH 11AM - 1PM
REGISTER HERE
SIKHI CAMP 2024
VANCOUVER, CANADA
MARCH 19 - 22
AGES 7 - 25
REGISTER NOW: WWW.MYSIMRAN.INFO
CONTACT NUMBER: (778) 858-3465
GURU NANAK SIKH GURDWARA I 7050 120 ST, SURREY, BC V3W 3M8, CANADA

# VERTEX
PERFORMANCE

## ਅਸੀਂ ਹੇਠ ਲਿਖੇ ਕੇਸ ਲੈਂਦੇ ਹਾਂ

- ਐਮ ਐਸ ਪੀ ਅਤੇ ਪ੍ਰਾਈਵੇਟ ਕੇਸ
- ਆਈ ਸੀ ਬੀ ਸੀ / ਵਰਕਸੇਫ ਬੀ.ਸੀ
- ਨਵੇਂ ਮਰੀਜ਼ ਵੀ ਆ ਸਕਦੇ ਹਨ

## ਅਸੀਂ ਹੇਠ ਲਿਖੇ ਕੇਸਾਂ 'ਚ ਮੁਹਾਰਤ ਰੱਖਦੇ ਹਾਂ

- ਕਾਰ ਦੁਰਘਟਨਾ ਨਾਲ ਲੱਗੀਆਂ ਸੱਟਾਂ
- ਪਿੱਠ, ਗੋਡੇ, ਧੌਣ ਅਤੇ ਮੋਢਿਆਂ ਦੀ ਦਰਦ
- ਹੀਟ ਅਤੇ ਮਸਾਜ ਥੈਰੇਪੀ
- ਕੰਮ ਵਾਲੀ ਥਾਂ ਦੀਆਂ ਸੱਟਾਂ
- ਸਿਰਦਰਦ
- ਖੇਡਾਂ ਦੀਆਂ ਸੱਟਾਂ
- ਉਲਝਣ / ਚੱਕਰ

## ਅਸੀਂ ਪੇਸ਼ ਕਰਦੇ ਹਾਂ

- ਸਿਹਤ ਯੋਜਨਾਵਾਂ ਲਈ ਸਿੱਧੀ ਬਿਲਿੰਗ
- ਆਨਲਾਈਨ ਬੁਕਿੰਗ ਵੀ ਕਰਦੇ ਹਾਂ



## WE ACCEPT

- ICBC/WORK SAFE BC Claims
- MSP & Private Pay Patients
- New Patients Welcome

## WE TREAT

- Car Accident Injuries
- Work Place Injuries
- Back, Neck, Shoulder & Knee Pain
- Post Surgical Therapy
- Headaches
- Sports Injuries
- Concussion / Vertigo

## WE OFFER

- Direct Billing to Extended Health Plans
- Online Booking

**UNIT# 201- 7110-**
**120TH STREET, SURREY**
(2ND FLOOR, FIRST DOOR ON THE RIGHT)

*APPOINTMENT BOOKING:*
**604-596-6775**
admin@vertexperformance.ca
www.vertexperformance.ca
*ONLINE BOOKING*

WE ARE OFFERING
**$50 MASSAGE FOR 1 HOUR TREATMENT**



**GARRY SARAN**
CHIROPRACTOR



**GURNEET COMBOW**
BODY WORKER



**VINCENT WANG**
ACUPUNCTURIST & HERBALIST



**SANKLAP THAKUR**
MASSAGE THERAPIST



**IAREN RAI**
CLINICAL COUNSELLOR



**SAMREEN SANDHU**
KINESIOLOGIST



**HARPREET SINGH**
PHYSIOTHERAPIST

# ਮੁੜ ਵਸੇਬਾ ਕਲੀਨਿਕ

**SERVING YOU SINCE 2006**

**SURREY'S LEADING REHABILITION CLINIC**

www.deltondentures.com

DELTON DENTURE CLINIC LTD.

Denturists Are Denture Specialist

ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ

- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards

ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ

CONSUMER CHOICE AWARD 2018 VANCOUVER

Business Category Denturist

WE ARE DENTURISTS

ਅਸੀਂ ਜੁਬਾੜੇ ਬਣਾਉਂਦੇ ਹਾਂ

Get a Beautiful Smile



Chris Kozakiewicz

BSc., R.D.

Mon-Fri: 9am-5pm, Saturdays By Appointment

Scott 72 Shopping Centre

#209- 7313-120th St., Delta ( Above London Drugs & Staples )

604.590.1111

• ਇੰਸ਼ੋਰੈਂਸ ਦੀਆਂ ਸਾਰੀਆਂ ਵੱਡੀਆਂ ਪਲੈਨਾਂ ਲੈਂਦੇ ਹਾਂ • ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਬੋਲਦੇ ਹਾਂ

• ਸ਼ਾਮ ਅਤੇ ਵੀਕਐਂਡ ਦੀਆਂ ਅਪਾਇੰਟਮੈਂਟਾਂ ਉਪਲਬੱਧ ਹਨ • ਸਕਾਟ ਰੋਡ ਗੁਰਦਵਾਰਾ ਦੇ ਨੇੜੇ, ਸਤਨਾਮ ਪਲਾਜ਼ਾ ਵਿੱਚ

ਪਿਛਲੇ 10 ਸਾਲਾਂ ਤੋਂ ਉੱਪਰ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ ਹਾਂ

For your family.. healthy beautiful smiles!



ਸੇਵਾਵਾਂ :
- ਜਾੜ ਭਰਨੀ
- ਦੰਦ ਕੱਢਣੇ
- ਕਰਾਊਨ ਤੇ ਬ੍ਰਿਜ
- ਡਿਜੀਟਲ ਐਕਸਰੇ
- ਵਾਈਟ ਫਿਲਿੰਗਸ
- ਦੰਦਾਂ ਦੀ ਸਫਾਈ ਅਤੇ ਚੈੱਕਅੱਪ

SERVICES:
- Extractions
- White Fillings
- Root Canals
- Crown & Bridge
- Digital X-Rays
- Teeth Cleaning & Checkup

- All Major Insurance Plans Accepted
- Punjabi, Hindi, Urdu Spoken
- New Patients Welcome

Evening & Weekend Appointment Available

Practising For Over 10 Years

ਇਮਰਜੈਂਸੀ ਅਪਾਇੰਟਮੈਂਟਾਂ ਉਪਲਬੱਧ ਹਨ

EVERSHINE DENTISTRY

EVERSHINE FAMILY DENTISTRY

ਤੁਹਾਡੇ ਪਰਿਵਾਰ ਲਈ...ਤੰਦਰੁਸਤ ਤੇ ਸੁੰਦਰ ਮੁਸਕਾਨ




604.593.6515

#111 - 7130 120th Street, Surrey, BC

Near Guru Nanak Sikh Gurdwara
Ground Floor of Satnam Plaza

(FREE AMPLE PARKING)

Dr. Anjanpal Kaur Bhalla

www.evershinedental.ca

ਡਾ. ਅੰਜਨਪਾਲ ਕੌਰ ਭੱਲਾ

LANGLEY BANQUET HALL



ਵਿਆਹ-ਸ਼ਾਦੀ, ਜਨਮ ਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ

ਲੈਂਗਲੀ ਬੈਂਕੁਇਟ ਹਾਲ

ਬੁੱਕ ਕਰੋ।

• Wedding • Corporate Events
• Private Dinner • Bithday Parties
• Gurudwara and Live Catering

ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।

Call:Davinder Grewal

604-537-9759

info@langleybanquethall.com

3227 264 St UNIT #6, Aldergrove, BC V4W 2X3

ਇੰਡੋ-ਕੈਨੇਡਾ ਟਰੈਵਲ ਏਜੰਸੀ

INDO CANADA TRAVEL AGENCY



ਘੱਟ ਕਿਰਾਇਆ - ਸਹੀ ਸਲਾਹ

Best Airfares with Quality Assistance

ਇੰਡੀਆ ਅਤੇ ਦੁਨੀਆਂ ਭਰ ਵਿੱਚ ਕਿਤੇ ਵੀ ਜਾਣ-ਆਉਣ ਲਈ ਸਪੈਸ਼ਲ ਰੇਟ ਤੇ ਟਿੱਕਟਾਂ ਖ਼ਰੀਦੋ

+1 604 388 9696 , 604 503 8011

#217-8028-128St, Surrey, BC

(Little India Plaza) (Second Floor)

# ਭਗਤ ਰਵਿਦਾਸ ਜੀ ਨੂੰ ਯਾਦ ਕਰਦਿਆਂ

ਭਗਤ ਰਵਿਦਾਸ ਜੀ ਦਾ ਜਨਮ 14ਵੀਂ ਸਦੀ ਵਿੱਚ ਉੱਤਰਪ੍ਰਦੇਸ਼ ਦੇ ਬਨਾਰਸ ਸ਼ਹਿਰ ਵਿੱਚ ਹੋਇਆ ਹੈ।

ਖੁਦ ਪ੍ਰਮਾਤਮਾ ਦੇ ਨਾਮ ਨਾਲ ਜੁੜਨਾ, ਹੋਰਨਾਂ ਲੋਕਾਂ ਨੂੰ ਸਿੱਧੇ ਰਸਤੇ ਤੇ ਪਾਕੇ ਪ੍ਰਮਾਤਮਾ ਨਾਲ ਜੋੜਨਾ, ਕਿਰਤ ਕਰਦਿਆਂ ਪਰਿਵਾਰ ਵਿੱਚ ਰਹਿੰਦਿਆਂ ਉਨ੍ਹਾਂ ਨੇ ਉੱਚਾ ਜੀਵਨ ਬਤੀਤ ਕੀਤਾ ਅਤੇ ਲੱਖਾਂ ਲੋਕਾਂ ਨੂੰ ਬਾਣੀ ਨਾਲ ਉਪਦੇਸ਼ ਦੇਕੇ ਤਾਰਿਆ। ਉਨ੍ਹਾਂ ਦਾ ਜਨਮ ਸਮਾਜ ਦੇ ਉਨ੍ਹਾਂ ਪਰਿਵਾਰਾਂ ਵਿੱਚ ਹੋਇਆ, ਜਿਨ੍ਹਾਂ ਲਈ ਆਮ ਸਮਾਜ ਦੇ ਮਿਲਵਰਤਣ ਦੇ ਦਰਵਾਜੇ ਤਾਂ ਬੰਦ ਸਨ ਹੀ, ਨਾਲ ਹੀ ਪਰਮਾਤਮਾ ਦਾ ਨਾਮ ਜਪਣ ਉਪਰ ਵੀ ਪਾਬੰਦੀ ਸੀ। ਪਰਿਵਾਰ ਦੀ ਗਰੀਬੀ, ਸਮਾਜਿਕ ਵਿਤਕਰੇ ਦੇ ਬਾਵਜੂਦ ਉਨ੍ਹਾਂ ਨੇ ਪ੍ਰਮਾਤਮਾ ਨੂੰ ਪਾਇਆ।

ਭਗਤ ਰਵਿਦਾਸ ਜੀ ਦੇ ਬਚਪਨ ਬਾਰੇ ਭਾਵੇਂ ਜਿਆਦਾ ਸਾਖੀਆਂ ਨਹੀਂ ਮਿਲਦੀਆਂ, ਪਰ ਭਗਤ ਰਵਿਦਾਸ ਜੀ ਦੀ ਭਗਤ ਰਾਮਾਨੰਦ ਜੀ ਨਾਲ ਭੇਟ ਅਤੇ ਉਨ੍ਹਾਂ ਦੀ ਸੰਗਤ ਕਰਨ ਦਾ ਜ਼ਿਕਰ ਮਿਲਦਾ ਹੈ। ਭਗਤ ਰਵਿਦਾਸ ਜੀ ਦੇ ਸਮਕਾਲੀ ਭਗਤ ਕਬੀਰ, ਭਗਤ ਸੈਣ, ਭਗਤ ਸਧਨਾ ਜੀ ਹੋਏ ਹਨ। ਭਗਤ ਰਵਿਦਾਸ ਜੀ ਨੇ ਸਾਰਿਆਂ ਭਗਤਾਂ ਨੂੰ ਸਤਿਕਾਰ ਦਿੱਤਾ, ਆਪਣੇ ਗੁਰ ਭਾਈ ਦੱਸਿਆ। ਦੂਸਰੇ ਭਗਤ ਭਾਵੇਂ ਉਹ ਕਿਸੇ ਵੀ ਖਿੱਤੇ ਜਾਂ ਧਰਮ ਨਾਲ ਸਬੰਧ ਰੱਖਦੇ ਸਨ, ਸਾਰੇ ਭਗਤ ਰਵਿਦਾਸ ਜੀ ਦਾ ਸਤਿਕਾਰ ਕਰਦੇ ਹਨ। ਇਸ ਤਰ੍ਹਾਂ ਉਨ੍ਹਾਂ ਨੇ ਸਮਾਜਿਕ ਅਤੇ ਸਭਿਆਚਾਰਿਕ ਵਖਰੇਵਿਆਂ ਦੇ ਬਾਵਜੂਦ ਆਪਸੀ ਮਿਲਵਰਤਣ ਅਤੇ ਭਰੱਪਣ ਦਾ ਸੱਦਾ ਦਿੱਤਾ। ਉਹਨਾਂ ਦੀ ਬਾਣੀ ਅਤੇ ਉਹਨਾਂ ਦੇ ਅਨੁਭਵ ਰੂਹਾਨੀ ਤਲ ਤੇ ਬਾਕੀ ਭਗਤਾਂ ਅਤੇ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਨ੍ਹਾਂ ਦੀ ਅਵਸਥਾ ਨਾਲ ਮੇਲ ਖਾਂਦੇ ਸਨ। ਭਗਤ ਸਾਹਿਬਾਨ ਜੀ ਦੀ ਬਾਣੀ ਨੂੰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕੀਤਾ, ਜਿਹੜੀ ਬਾਣੀ ਗੁਰੂ ਨਾਨਕ ਸਾਹਿਬ ਜੀ ਨੇ ਖੁਦ ਭਗਤ ਸਾਹਿਬਾਨ ਤੋਂ ਪ੍ਰਾਪਤ ਕੀਤੀ ਸੀ।

ਸਾਖੀਆਂ ਵਿੱਚ ਭਗਤ ਜੀ ਬਾਰੇ ਕਿਧਰੇ ਇਹ ਜ਼ਿਕਰ ਨਹੀਂ ਮਿਲਦਾ ਕਿ ਉਨ੍ਹਾਂ ਨੇ ਕਿਰਤ ਛੱਡ ਕੇ ਕਿਤੇ ਬੈਠਕੇ ਭਗਤੀ ਜਾਂ ਸਿਮਰਨ ਕੀਤਾ ਹੋਵੇ। ਜਿਵੇਂ ਉਨ੍ਹਾਂ ਦੇ ਸਮਕਾਲੀ ਭਗਤ ਕਬੀਰ ਜੀ ਦੀ ਬਾਣੀ ਵਿੱਚੋਂ ਸਪਸ਼ਟ ਹੁੰਦਾ ਹੈ, ਭਗਤ ਰਵਿਦਾਸ ਜੀ ਵੀ ਆਪਣੀ ਕਿਰਤ ਕਰਦਿਆਂ ਆਪਣੇ ਹਿਰਦੇ ਵਿੱਚ ਪਰਮਾਤਮਾ ਦਾ ਨਾਮ ਧਿਆਉਂਦੇ ਰਹਿੰਦੇ ਸਨ। ਉਨ੍ਹਾਂ ਦੀ ਕਿਰਤ ਜੁੱਤੀਆਂ ਬਣਾਉਣ ਦੀ ਸੀ, ਜਿਸ ਵਿੱਚ ਉਨ੍ਹਾਂ ਨੇ ਸਦਾਚਾਰ, ਇਮਾਨਦਾਰੀ ਨੂੰ ਵੱਡੀ ਥਾਂ ਦਿੱਤੀ ਹੋਈ ਸੀ। ਇਸ ਕਿਰਤ ਵਿਚੋਂ ਭਾਵੇਂ ਉਹ ਗੁਜ਼ਾਰੇ ਜੋਗੀ ਆਮਦਨ ਬੜੀ ਮੁਸ਼ਕਿਲ ਨਾਲ ਇਕੱਠੀ ਕਰਦੇ ਸਨ, ਤਾਂ ਵੀ ਵੰਡ ਛਕਣ ਦੀ ਉਨ੍ਹਾਂ ਦੀ ਬਿਰਤੀ ਸੀ। ਆਪਣੀ ਕਿਰਤ ਵਿਚੋਂ ਪੈਦਾ ਹੋ ਰਹੀ ਆਮਦਨ ਨਾਲ ਉਹ ਸੰਤੁਸ਼ਟ ਅਤੇ ਖੇੜੇ ਵਿੱਚ ਸਨ। ਇਸ ਗੱਲ ਦੀ ਗਵਾਹੀ ਵਾਰ ਵਾਰ ਮਿਲਦੀ ਹੈ ਕਿ ਉਨ੍ਹਾਂ ਨੂੰ ਕਿੰਨੀ ਵਾਰ ਸਾਧੂਆਂ ਫ਼ਕੀਰਾਂ ਨੇ ਉਨ੍ਹਾਂ ਦਾ ਨਿੱਘਾ ਸੁਭਾਅ ਅਤੇ ਸੇਵਾ ਭਾਵਨਾ ਜਾਣ ਕੇ ਕਦੇ ਉਨ੍ਹਾਂ ਨੂੰ ਬਹੁਤ ਸਾਰਾ ਧਨ, ਕਦੇ ਵਡਮੁੱਲੇ ਪਦਾਰਥ ਅਰਪਣ ਕਰਨ ਦੀ ਕੋਸ਼ਿਸ ਕੀਤੀ, ਪਰ ਭਗਤ ਜੀ ਉਨ੍ਹਾਂ ਦੀ ਪੇਸ਼ਕਸ ਇਸ ਦਲੀਲ ਨਾਲ ਮਨ੍ਹਾਂ ਕਰ ਦਿੰਦੇ ਸਨ ਕਿ ਉਹ ਇਨ੍ਹਾਂ ਪਦਾਰਥਾਂ ਦੇ ਮੋਹ ਤੋਂ ਉਪਰ ਉਠ ਗਏ ਹਨ ਅਤੇ ਇੱਕ ਸੱਚਾ ਧਨ ਪ੍ਰਾਪਤ ਕਰਕੇ ਉਨ੍ਹਾਂ ਨੂੰ ਹੋਰ ਦੁਨਿਆਵੀ ਪਦਾਰਥਾਂ ਦੀ ਝਾਕ ਨਹੀਂ ਰਹੀ। ਉਹ ਲੋਕਾਂ ਵਲੋਂ ਮਾਇਆ ਦੇ ਵੱਸ ਪੈਕੇ ਨੱਚਣ ਦਾ ਬਕਮਾਲ ਦ੍ਰਿਸਟਾਂਤ ਦਿੰਦੇ ਹਨ। ਜਿਥੋਂ ਉਨ੍ਹਾਂ ਦੀ ਅਗੰਮੀ ਅਵਸਥਾ ਦੇ ਝਲਕਾਰੇ ਪ੍ਰਗਟ ਹੁੰਦੇ ਹਨ।

ਭਗਤ ਰਵਿਦਾਸ ਜੀ ਬਾਣੀ ਰਾਹੀਂ ਮਨੁੱਖਾਂ ਨੂੰ ਨਾਮ ਜਪਣ ਦੀ ਪ੍ਰੇਰਣਾ ਅਤੇ ਸਮਾਜਿਕ ਸੁਧਾਰਾਂ ਦਾ ਸੱਦਾ ਦਿੰਦੇ ਹਨ। ਉਨ੍ਹਾਂ ਦੇ ਵਿਚਾਰ ਉਸ ਜ਼ਮਾਨੇ ਦੇ ਹਿਸਾਬ ਨਾਲ ਬੇਹੱਦ ਇਨਕਲਾਬੀ ਸਨ, ਸਮਾਜ ਅੰਦਰ ਬਿਪਰ ਧਿਰਾਂ ਦੁਆਰਾ ਲੋਕਾਈ ਦੀ ਕੀਤੀ ਜਾਂਦੀ ਖੁਆਰੀ ਦੇ ਵਿਰੋਧ ਵਿੱਚ ਉਨ੍ਹਾਂ ਨੇ ਲੋਕਾਈ ਨੂੰ ਜਾਗਰੂਕ ਕੀਤਾ ਅਤੇ ਬਿਪਰਾਂ ਦੇ ਝੂਠ ਨੂੰ ਬੇਪਰਦ ਕੀਤਾ। ਉਨ੍ਹਾਂ ਨੇ ਸਭ ਲੋਕਾਈ ਨੂੰ ਇੱਕ ਬਰਾਬਰ ਸਮਝਣ ਅਤੇ ਸਭ ਦੇ ਇੱਕੋ ਜਿਹੇ ਅਖ਼ਤਿਆਰਾਂ ਦੀ ਗਵਾਹੀ ਭਰੀ। ਉਨ੍ਹਾਂ ਨੇ ਆਪਣੀ ਬਾਣੀ ਰਾਹੀਂ ਇੱਕ ਅਜਿਹੇ ਸਮਾਜ ਦੀ ਸਿਰਜਣਾ ਦਾ ਸੁਪਨਾ ਪ੍ਰਗਟ ਕੀਤਾ, ਜਿੱਥੇ ਕੋਈ ਗਮ ਜਾਂ ਦੁੱਖ ਨਾ ਹੋਵੇ।

ਭਗਤ ਰਵਿਦਾਸ ਜੀ ਜਿਹੜੇ ਪਰਿਵਾਰਾਂ ਨਾਲ ਸਬੰਧ ਰੱਖਦੇ ਸਨ, ਬ੍ਰਾਹਮਣ ਨੇ ਉਨ੍ਹਾਂ ਪਰਿਵਾਰਾਂ ਨੂੰ ਇੱਕ ਜਾਤ ਵਿੱਚ ਬੰਨ੍ਹਿਆ ਹੋਇਆ ਸੀ, ਜਿਨ੍ਹਾਂ ਨੂੰ ਸਮਾਜ ਵਿੱਚ ਇੱਜ਼ਤਸਾਰ ਨਿਗ੍ਹਾ ਨਾਲ ਨਹੀਂ ਦੇਖਿਆ ਜਾਂਦਾ ਸੀ। ਉਨ੍ਹਾਂ ਨੂੰ ਧਾਰਮਿਕ ਅਤੇ ਸਮਾਜਿਕ ਤੌਰ ਤੇ ਇਜ਼ਤ ਨਾਲ ਵਿਚਰਦਿਆਂ ਬ੍ਰਾਹਮਣਾਂ ਦੀ ਈਰਖਾ ਅਤੇ ਵਿਰੋਧ ਸਹਿਣਾ ਪਿਆ। ਬ੍ਰਾਹਮਣਾਂ ਦਾ ਵਿਰੋਧ ਸੀ ਕਿ ਪ੍ਰਮਾਤਮਾ ਨੇ ਹਰ ਮਨੁੱਖ ਨੂੰ ਨਾ-ਬਰਾਬਰ ਅਤੇ ਇੱਕ ਦੂਜੇ ਤੋਂ ਉੱਚਾ ਨੀਵਾਂ ਬਣਾਕੇ ਉਸਦੇ ਚੰਗੇ ਮਾੜੇ ਕਰਮਾਂ ਅਨੁਸਾਰ ਉੱਚੀ ਨੀਵੀਂ ਜਾਤ ਵਿੱਚ ਜਨਮ ਦਿੱਤਾ ਹੈ। ਉਨ੍ਹਾਂ ਮੁਤਾਬਿਕ ਸ਼ੂਦਰ ਨੂੰ ਤਿੰਨੇ ਜਾਤਾਂ ਬ੍ਰਾਹਮਣ, ਵੈਸ਼ ਅਤੇ ਖੱਤਰੀ ਦਾ ਗੁਲਾਮ ਬਣਾਇਆ ਹੈ। ਉਸ ਨੂੰ ਕੋਈ ਵਿਦਿਆ ਦਾ ਹੱਕ ਨਹੀਂ, ਪੂਜਾ ਕਰਨ, ਨਾਮ ਜਪਣ ਦਾ ਵੀ ਕੋਈ ਹੱਕ ਨਹੀਂ ਹੈ। ਜਦਕਿ ਭਗਤ ਰਵਿਦਾਸ ਜੀ ਸਾਰੇ ਮਨੁੱਖਾਂ ਨੂੰ ਬਰਾਬਰ ਹੋਣ ਦਾ ਉਪਦੇਸ਼ ਦਿੰਦੇ ਹਨ, ਉਨ੍ਹਾਂ ਨੇ ਦੱਸਿਆ ਕਿ ਜਿਹੜਾ ਪ੍ਰਮਾਤਮਾ ਉਨ੍ਹਾਂ ਦੇ ਹਿਰਦੇ ਵਿੱਚ ਵਸਿਆ ਹੈ, ਉਸਨੇ ਕਿਸੇ ਨੂੰ ਉੱਚਾ ਨੀਵਾਂ ਨਹੀਂ ਬਣਾਇਆ ਜਦਕਿ ਬਿਪਰ ਝੂਠ ਬੋਲ ਰਿਹਾ ਹੈ। ਸੰਸਕ੍ਰਿਤ ਬੋਲੀ ਉਪਰ ਬਿਪਰਾਂ ਦਾ ਕਬਜ਼ਾ ਹੋਣ ਕਾਰਨ ਕੋਈ ਵੀ ਆਪਣੀ ਮਰਜ਼ੀ ਨਾਲ ਧਾਰਮਿਕ ਗ੍ਰੰਥਾਂ ਨੂੰ ਪੜ੍ਹ ਨਹੀਂ ਸੀ ਸਕਦਾ। ਤਾਂ ਤੇ ਭਗਤ ਰਵਿਦਾਸ ਜੀ ਨੇ ਆਪਣੀ ਬਾਣੀ



ਲੋਕ ਬੋਲੀ ਵਿੱਚ ਉਚਾਰਨ ਕੀਤੀ ਅਤੇ ਹਰ ਕਿਸੇ ਦੀ ਜ਼ੁਬਾਨ ਤੇ ਆ ਗਈ। ਉਨ੍ਹਾਂ ਨੇ ਬਿਪਰ ਸੰਸਕਾਰ ਉਪਰ ਐਲਾਨੀਆ ਫਤਿਹ ਪ੍ਰਾਪਤ ਕੀਤੀ, ਬਿਪਰ ਦੁਆਰਾ ਘੜੇ ਗਏ ਸਾਰੇ ਬਿਰਤਾਂਤ ਨੂੰ ਭੰਨ ਦਿੱਤਾ। ਉਹਨਾਂ ਦੀ ਬਾਣੀ ਅਤੇ ਉਨ੍ਹਾਂ ਦੇ ਜੀਵਨ ਤੋਂ ਇਹ ਗੱਲ ਝਲਕਦੀ ਹੈ, ਕਿ ਨਾ ਉਨ੍ਹਾਂ ਨੇ ਖੁਦ ਨੂੰ ਬ੍ਰਾਹਮਣਾਂ ਦੁਆਰਾ ਸ਼ੂਦਰ ਕਹੇ ਜਾਣ ਦੀ ਕੋਈ ਪ੍ਰਵਾਹ ਕੀਤੀ ਅਤੇ ਨਾ ਹੀ ਆਪਣੀ ਕਿਰਤ ਨੂੰ ਨੀਵਾਂ ਜਾਂ ਛੋਟਾ ਸਮਝਿਆ। ਉਨ੍ਹਾਂ ਦੀ ਬਾਣੀ ਤੋਂ ਉਹਨਾਂ ਦੇ ਚੜਦੀਕਲਾ ਨਾਲ ਵਿਚਰਨ ਅਤੇ ਬ੍ਰਾਹਮਣਾਂ ਦੀ ਢਹਿੰਦੀਕਲਾ ਦਾ ਪੱਖ ਉਜਾਗਰ ਹੁੰਦਾ ਹੈ।

ਭਗਤ ਰਵਿਦਾਸ ਜੀ ਦੀਆਂ ਸਿਖਿਆਵਾਂ ਤੋਂ ਸਾਨੂੰ ਸਿੱਖਣ ਦੀ ਲੋੜ ਹੈ। ਖੁਦ ਨੂੰ ਭਗਤ ਰਵਿਦਾਸ ਜੀ ਦੇ ਵਾਰਸ ਸਮਝਦਿਆਂ ਸਾਨੂੰ ਆਪਣੀ ਜਿੰਦਗੀ ਨੂੰ ਗੁਰਬਾਣੀ ਅਨੁਸਾਰ ਜੀਣ, ਨਾਮ ਜਪਣ ਅਤੇ ਕਿਰਤ ਕਰਨ, ਮੂਰਤੀਪੂਜਾ/ਤਸਵੀਰਪੂਜਾ ਤੋਂ ਬਚਣ, ਜਾਤ ਨੂੰ ਵਾਰ ਵਾਰ ਚਿਤਾਰਨ ਵਾਲੀਆਂ ਗੱਲ੍ਹਾਂ ਤੋਂ ਕਿਨਾਰਾ ਕਰਨ ਦੀ ਲੋੜ ਹੈ।

ਭਾਈ ਮਲਕੀਤ ਸਿੰਘ

# ਕੈਨੇਡਾ ਹੁਣ ਦੁਨੀਆ ਦੇ ਸਭ ਤੋਂ ਅਮੀਰ ਦੇਸ਼ਾਂ ਦੀ ਸੂਚੀ 'ਚੋਂ ਹੋਇਆ ਬਾਹਰ

ਇੱਕ ਰਿਪੋਰਟ ਦੇ ਅਨੁਸਾਰ, ਕੈਨੇਡਾ ਹੁਣ ਦੁਨੀਆ ਦੇ ਸਭ ਤੋਂ ਅਮੀਰ ਦੇਸ਼ਾਂ ਵਿਚੋਂ ਇੱਕ ਨਹੀਂ ਹੈ, ਕਿਉਂਕਿ ਪ੍ਰਤੀ ਵਿਅਕਤੀ ਜੀਡੀਪੀ ਵਿੱਚ ਗਿਰਾਵਟ ਜਾਰੀ ਹੈ ਅਤੇ 30 ਸਾਲਾਂ ਵਿੱਚ ਸਭ ਤੋਂ ਵੱਧ ਗਿਰਾਵਟ ਬਣੀ ਹੋਈ ਹੈ।

ਰਿਪੋਰਟ ਵਿੱਚ ਪਾਇਆ ਗਿਆ ਕਿ ਆਰਥਿਕਤਾ ਆਬਾਦੀ ਨਾਲੋਂ ਹੌਲੀ ਹੋ ਰਹੀ ਹੈ, ਜਿਸ ਨਾਲ ਪ੍ਰਤੀ ਵਿਅਕਤੀ ਜੀਡੀਪੀ ਵਿੱਚ ਗਿਰਾਵਟ ਆ ਰਹੀ ਹੈ। 1981 ਦੇ ਅੰਤ ਵਿੱਚ, ਕੈਨੇਡਾ ਪ੍ਰਤੀ ਵਿਅਕਤੀ ਜੀਡੀਪੀ ਦੇ ਮਾਮਲੇ ਵਿੱਚ ਵਿਸ਼ਵ ਵਿੱਚ ਸਵਿਟਜ਼ਰਲੈਂਡ, ਲਕਸਮਬਰਗ, ਨਾਰਵੇ, ਸੰਯੁਕਤ ਰਾਜ ਅਤੇ ਸੰਯੁਕਤ ਰਾਜ ਤੋਂ ਬਾਅਦ ਛੇਵੇਂ ਸਥਾਨ 'ਤੇ ਸੀ।

2022 ਤੱਕ, ਕੈਨੇਡਾ 15ਵੇਂ ਸਥਾਨ 'ਤੇ ਹੈ। ਜਿਹੜੇ ਦੇਸ਼ ਪਹਿਲਾਂ ਕੈਨੇਡਾ ਨਾਲੋਂ ਗਰੀਬ ਹੁੰਦੇ ਸਨ, ਜਿਵੇਂ ਕਿ ਆਇਰਲੈਂਡ, ਨੀਦਰਲੈਂਡ, ਆਸਟਰੀਆ, ਸਵੀਡਨ, ਆਈਸਲੈਂਡ, ਆਸਟ੍ਰੇਲੀਆ, ਜਰਮਨੀ, ਬੈਲਜੀਅਮ, ਫਿਨਲੈਂਡ -ਸਾਰੇ ਹੁਣ ਕੈਨੇਡਾ ਨਾਲੋਂ ਅਮੀਰ ਹਨ!!



TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਦੇਗ ਤੇਗ ਫਤਿਹ — ਪੰਥ ਕੀ ਜੀਤ

www.akalisinghgurdwara.ca

9 ਮਾਰਚ, ਦਿਨ ਸ਼ਨਿੱਚਰਵਾਰ........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਦਰਸ਼ਨ ਬੈਂਸ ਅਤੇ ਪਰਿਵਾਰ ਵਲੋਂ ਹੋਵੇਗੀ।
10 ਮਾਰਚ, ਦਿਨ ਐਤਵਾਰ..........ਸਵੇਰ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਬੀਬੀ ਚਰਨਜੀਤ ਕੌਰ ਪੁਰਬਾ ਅਤੇ ਪਰਿਵਾਰ ਵਲੋਂ ਹੋਵੇਗੀ।
10 ਮਾਰਚ, ਦਿਨ ਐਤਵਾਰ..........ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਜਸਵੀਰ ਸਿੰਘ ਪੂਰੇਵਾਲ ਅਤੇ ਪਰਿਵਾਰ ਵਲੋਂ ਹੋਵੇਗੀ।
13 ਮਾਰਚ, ਦਿਨ ਬੁੱਧਵਾਰ...........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਯਾਦਵੀਰ ਸਿੰਘ ਪਰਹਾਰ ਅਤੇ ਪਰਿਵਾਰ ਵਲੋਂ ਹੋਵੇਗੀ।
14 ਮਾਰਚ, ਦਿਨ ਵੀਰਵਾਰ..........ਸੰਗਰਾਂਦ ਹੈ, ਸ਼ਾਮ ਦੇ ਦੀਵਾਨ ਸਜਣਗੇ।
16 ਮਾਰਚ, ਦਿਨ ਸ਼ਨਿੱਚਰਵਾਰ......ਸਵੇਰ ਨੂੰ ਅਨੰਦ ਕਾਰਜ ਹੋਵੇਗਾ।
16 ਮਾਰਚ, ਦਿਨ ਸ਼ਨਿੱਚਰਵਾਰ......ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਗੁਰਿੰਦਰ ਸਿੰਘ ਸਿੱਧੂ ਅਤੇ ਪਰਿਵਾਰ ਵਲੋਂ ਹੋਵੇਗੀ।
16 ਮਾਰਚ, ਦਿਨ ਸ਼ਨਿੱਚਰਵਾਰ......ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਤਰਸੇਮ ਸਿੰਘ ਅਤੇ ਪਰਿਵਾਰ ਵਲੋਂ ਹੋਵੇਗੀ।
17 ਮਾਰਚ, ਦਿਨ ਐਤਵਾਰ..........ਸਵੇਰ ਨੂੰ 8:00 ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਅਤੇ ਲੰਗਰ ਵੀ ਹੋਵੇਗਾ।
17 ਮਾਰਚ, ਦਿਨ ਐਤਵਾਰ..........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਜਸਵਿੰਦਰ ਸਿੰਘ ਅਟਵਾਲ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 12:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।


ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ : 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਭਾਰਤ ਵਿਚ ਘੁੰਮਣ ਆਈ ਸਪੈਨਿਸ਼ ਔਰਤ ਨਾਲ 7 ਵਿਅਕਤੀਆਂ ਵੱਲੋਂ ਬਲਾਤਕਾਰ:ਪਤੀ ਨੂੰ ਵੀ ਬੰਨ੍ਹ ਕੇ ਕੁੱਟਿਆ

ਉਨ੍ਹਾਂ ਦੀਆਂ ਅੱਖਾਂ ਵਿਚ ਵਾਸਨਾ ਦਿਖਾਈ ਦੇ ਰਹੀ ਸੀ, ਜਿਸ ਨੂੰ ਉਹ ਬੁਝਾਉਣਾ ਚਾਹੁੰਦੇ ਸੀ। ਇਸ ਲਈ ਉਨ੍ਹਾਂ ਨੇ ਮੇਰੇ ਪਤੀ ਨੂੰ ਬੰਨ੍ਹ ਲਿਆ। ਇਸ ਤੋਂ ਬਾਅਦ ਉਹ ਹੱਸਦੇ ਰਹੇ ਅਤੇ ਮੇਰੇ ਨਾਲ ਬਲਾਤਕਾਰ ਕਰਦੇ ਰਹੇ। ਮੇਰੇ ਪਤੀ ਨੇ ਉਨ੍ਹਾਂ ਸਾਹਮਣੇ ਹੱਥ ਜੋੜੇ, ਪਰ ਉਹ ਨਾ ਮੰਨੇ। ਉਨ੍ਹਾਂ ਨੇ ਸਾਡੀ ਦੋਵਾਂ ਦੀ ਕੁੱਟਮਾਰ ਕੀਤੀ। ਭਾਰਤ ਘੁੰਮਣ ਆਈ ਸਪੇਨਿਸ਼ ਔਰਤ ਅਤੇ ਉਸ ਦੇ ਪਤੀ ਨੇ ਜਦੋਂ ਪੁਲਿਸ ਨੂੰ ਬੇਰਹਿਮੀ ਦੀ ਕਹਾਣੀ ਸੁਣਾਈ ਤਾਂ ਉਹ ਫੁੱਟ-ਫੁੱਟ ਕੇ ਰੋਣ ਲੱਗ ਪਏ।

ਝਾਰਖੰਡ ਵਿੱਚ ਸਪੈਨਿਸ਼ ਔਰਤ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ। ਪੁਲਸ ਨੇ ਮਾਮਲੇ 'ਚ ਕਾਰਵਾਈ ਕਰਦੇ ਹੋਏ 7 'ਚੋਂ 3 ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਇਹ ਘਟਨਾ ਦੁਮਕਾ ਦੇ ਹੰਸਡੀਹਾ ਬਾਜ਼ਾਰ ਨੇੜੇ ਇਕ ਸੁੰਨਸਾਨ ਇਲਾਕੇ 'ਚ ਵਾਪਰੀ, ਜਿੱਥੇ ਸਪੈਨਿਸ਼ ਜੋੜੇ ਨੇ ਰਾਤ ਕੱਟਣ ਲਈ ਟੈਂਟ ਲਗਾਇਆ ਸੀ ਪਰ ਉਨ੍ਹਾਂ ਨੂੰ ਨਹੀਂ ਪਤਾ ਸੀ ਕਿ ਉਹ ਦਰਿੰਦਿਆਂ ਦੀ ਬੇਰਹਿਮੀ ਦਾ ਸ਼ਿਕਾਰ ਹੋ ਜਾਣਗੇ।ਮੀਡੀਆ ਰਿਪੋਰਟਾਂ ਮੁਤਾਬਕ ਸਪੈਨਿਸ਼ ਮਹਿਲਾ ਆਪਣੇ ਪਤੀ ਨਾਲ ਬਾਈਕ 'ਤੇ ਘੁੰਮਣ ਗਈ ਸੀ। ਇਹ ਦੋਵੇਂ ਸਪੇਨ ਤੋਂ ਪਹਿਲਾਂ ਪਾਕਿਸਤਾਨ ਆ ਗਏ ਸਨ। ਫਿਰ ਬੰਗਲਾਦੇਸ਼ ਦੇ ਦੌਰੇ 'ਤੇ ਗਏ। ਇਸ ਤੋਂ ਬਾਅਦ ਉਹ ਝਾਰਖੰਡ ਰਾਹੀਂ ਭਾਰਤ ਵਿੱਚ ਦਾਖ਼ਲ ਹੋਏ। ਜਦੋਂ ਉਹ ਦੁਮਕਾ ਦੇ ਰਸਤੇ ਭਾਗਲਪੁਰ ਜਾ ਰਹੇ ਸਨ ਤਾਂ ਦੁਮਕਾ ਵਿੱਚ ਰਾਤ ਲਈ ਰੁਕ ਗਏ। ਉਹ ਆਪਣੇ ਤੰਬੂ ਵਿੱਚ ਸੌਂ ਰਹੇ ਸਨ ਜਦੋਂ ਅਚਾਨਕ ਕੁਝ ਲੋਕ ਤੰਬੂ ਵਿੱਚ ਦਾਖਲ ਹੋ ਗਏ।



ਸਪੈਨਿਸ਼ ਜੋੜਾ ਭਾਰਤ ਆਉਣ ਤੋਂ ਪਹਿਲਾਂ ਹਿੰਦੀ ਸਿੱਖ ਚੁੱਕਾ ਸੀ, ਉਹ ਸਮਝ ਸਕਦਾ ਸੀ ਕਿ ਲੋਕ ਗਾਲ੍ਹਾਂ ਕੱਢ ਰਹੇ ਸਨ। ਪੀੜਤਾਂ ਨੇ ਪੈਸੇ ਲੈ ਕੇ ਚਲੇ ਜਾਣ ਦੀ ਮਿੰਨਤ ਕੀਤੀ ਪਰ ਮੁਲਜ਼ਮ ਨਹੀਂ ਮੰਨੇ। ਉਨ੍ਹਾਂ ਦੇ ਇਰਾਦੇ ਖਰਾਬ ਹੋ ਗਏ, ਇਸ ਲਈ ਉਨ੍ਹਾਂ ਨੇ ਸਪੇਨੀ ਔਰਤ 'ਤੇ ਕਾਬੂ ਪਾ ਲਿਆ ਅਤੇ ਉਸ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ। ਇਸ ਤੋਂ ਬਾਅਦ ਉਹ ਫਰਾਰ ਹੋ ਗਏ।ਮਾਮਲੇ ਦੀ ਪੁਸ਼ਟੀ ਕਰਦਿਆਂ ਐਸਪੀ ਨੇ ਦੱਸਿਆ ਕਿ ਸਪੈਨਿਸ਼ ਜੋੜੇ ਦੀ ਸ਼ਿਕਾਇਤ ਦੇ ਆਧਾਰ 'ਤੇ ਮਾਮਲਾ ਦਰਜ ਕਰ ਲਿਆ ਗਿਆ ਹੈ।

ਕਾਰਵਾਈ ਕਰਦੇ ਹੋਏ ਤਿੰਨ ਦੋਸ਼ੀਆਂ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ।

# ਚੀਨੀ ਇਲੈਕਟ੍ਰਿਕ ਕਾਰਾਂ ਅਮਰੀਕਾ ਦੀ ਸੁਰੱਖ਼ਿਆ ਲਈ ਵੱਡਾ ਖ਼ਤਰਾ ਬਣੀਆਂ

ਨਿਊਯਾਰਕ - ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਚੀਨੀ-ਨਿਰਮਿਤ ਆਟੋਮੋਟਿਵ ਸੌਫਟਵੇਅਰ ਇਹ ਪਤਾ ਲਗਾ ਸਕਦਾ ਹੈ ਕਿ ਅਮਰੀਕੀ ਕਿੱਥੇ ਜਾਂਦੇ ਹਨ। ਉਹ ਆਪਣੇ ਵਾਹਨਾਂ ਨੂੰ ਕਿੱਥੇ ਚਾਰਜ ਕਰਦੇ ਹਨ ਜਾਂ ਸੜਕ 'ਤੇ ਕਿਹੜਾ ਸੰਗੀਤ ਅਤੇ ਪੋਡਕਾਸਟ ਸੁਣਦੇ ਹਨ। ਉਨ੍ਹਾਂ ਕਿਹਾ ਕਿ ਚੀਨੀ ਅਧਿਕਾਰੀ ਚੀਨ ਵਿੱਚ ਵਾਹਨ ਵੇਚਣ ਵਾਲੀਆਂ ਅਮਰੀਕੀ ਆਟੋ ਕੰਪਨੀਆਂ ਨੂੰ ਆਪਣੇ ਵਾਹਨਾਂ ਵਿੱਚ ਚੀਨੀ ਸਾਫਟਵੇਅਰ ਲਗਾਉਣ ਲਈ ਮਜਬੂਰ ਕਰਦੇ ਹਨ। ਅਮਰੀਕੀ ਕੰਪਨੀਆਂ ਨੇ ਬਿਡੇਨ ਪ੍ਰਸ਼ਾਸਨ ਨੂੰ ਚੀਨ ਵਿਚ ਕਾਰੋਬਾਰ ਕਰਨ ਦੌਰਾਨ ਆਉਣ ਵਾਲੀਆਂ ਮੁਸ਼ਕਿਲਾਂ ਦੀ ਜਾਣਕਾਰੀ ਦਿੱਤੀ ਹੈ। ਇਸ ਵਿੱਚ ਚੀਨੀ ਸਾਫ਼ਟਵੇਅਰ ਲਗਾਉਣ ਦਾ ਮਾਮਲਾ ਵੀ ਸ਼ਾਮਲ ਹੈ।

ਇਹ ਬਾਈਡੇਨ ਦੀ ਉਦਯੋਗਿਕ ਨੀਤੀ ਨਾਲ ਸਿੱਧਾ ਟਕਰਾਅ ਹੈ। ਚੀਨ ਵਿੱਚ ਕੁਝ ਛੋਟੀਆਂ ਕਾਰਾਂ ਦੀ ਕੀਮਤ 9 ਲੱਖ ਰੁਪਏ ਤੱਕ ਹੈ। ਇਹ ਅਮਰੀਕੀ ਇਲੈਕਟ੍ਰਿਕ ਕਾਰਾਂ ਨਾਲੋਂ ਬਹੁਤ ਘੱਟ ਹੈ।ਬਾਈਡੇਨ ਨੇ ਕਿਹਾ ਕਿ ਚੀਨ ਗੈਰ-ਕਾਨੂੰਨੀ ਅਤੇ ਹੋਰ ਤਰੀਕੇ ਅਪਣਾ ਕੇ ਆਟੋ ਬਾਜ਼ਾਰ 'ਤੇ ਦਬਦਬਾ ਬਣਾਉਣਾ ਚਾਹੁੰਦਾ ਹੈ। ਚੀਨੀ ਕੰਪਨੀ ਦੀਆਂ ਨੀਤੀਆਂ ਕਾਰਨ ਸਾਡੇ ਬਾਜ਼ਾਰ 'ਚ ਇਸ ਦੇ ਵਾਹਨਾਂ ਦੀ ਭੀੜ ਹੋਵੇਗੀ। ਇਹ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਹੈ ਅਤੇ ਮੈਂ ਅਜਿਹਾ ਨਹੀਂ ਹੋਣ ਦਿਆਂਗਾ। ਫੈਸਲਾ ਲੈਣ ਤੋਂ ਪਹਿਲਾਂ ਸਰਕਾਰ ਨੇ ਆਟੋ ਕੰਪਨੀਆਂ, ਡੇਟ੍ਰੋਇਟ ਵਿੱਚ ਵਰਕਰ ਯੂਨੀਅਨਾਂ ਅਤੇ ਵੱਡੀ ਈਵੀ ਨਿਰਮਾਣ ਕੰਪਨੀ ਟੇਸਲਾ ਨਾਲ ਚਰਚਾ ਕੀਤੀ ਸੀ। ਹਾਲ ਹੀ ਵਿੱਚ ਟੇਸਲਾ ਨੂੰ ਪਿੱਛੇ ਛੱਡਦੇ ਹੋਏ ਚੀਨੀ ਕੰਪਨੀ ਬੀਵਾਈਡੀ ਇਲੈਕਟ੍ਰਿਕ ਕਾਰਾਂ ਵੇਚਣ ਵਾਲੀ ਦੁਨੀਆ ਦੀ ਸਭ ਤੋਂ ਵੱਡੀ ਕੰਪਨੀ ਬਣ ਗਈ ਹੈ।ਨਵੰਬਰ 'ਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ 'ਚ ਬਾਈਡੇਨ ਦੇ ਸੰਭਾਵੀ ਵਿਰੋਧੀ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਮੇਸ਼ਾ ਬਾਈਡੇਨ ਦੀ ਆਲੋਚਨਾ ਕਰਦੇ ਹੋਏ ਕਿਹਾ ਹੈ ਕਿ ਰਾਸ਼ਟਰਪਤੀ ਨੇ ਆਟੋ ਕੰਪਨੀਆਂ ਨੂੰ ਇਲੈਕਟ੍ਰਿਕ ਕਾਰਾਂ ਬਣਾਉਣ ਲਈ ਮਜ਼ਬੂਰ ਕੀਤਾ ਹੈ। ਹਾਲਾਂਕਿ ਬਾਈਡੇਨ ਅਤੇ ਟਰੰਪ ਆਪਣੇ ਆਪ ਨੂੰ ਚੀਨ ਦੇ ਖਿਲਾਫ ਸਖਤ ਰੁਖ ਅਪਣਾਉਂਦੇ ਹੋਏ ਦਰਸਾਉਂਦੇ ਹਨ। ਵੀਰਵਾਰ ਦੇ ਫੈਸਲੇ ਨਾਲ ਚੀਨੀ ਇਲੈਕਟ੍ਰਿਕ ਵਾਹਨਾਂ 'ਤੇ ਤੁਰੰਤ ਪਾਬੰਦੀ ਨਹੀਂ ਲਗੇਗੀ। ਹਾਲਾਂਕਿ, ਚੀਨੀ ਈਵੀਜ਼ ਉੱਤੇ ਭਾਰੀ ਟੈਕਸ ਲਗਾਇਆ ਜਾਂਦਾ ਹੈ ਅਤੇ ਉਹ ਅਜੇ ਤੱਕ ਯੂਐਸ ਮਾਰਕੀਟ ਵਿੱਚ ਪ੍ਰਵੇਸ਼ ਕਰਨ ਦੇ ਯੋਗ ਨਹੀਂ ਹਨ।

ਰਾਸ਼ਟਰਪਤੀ ਦੀ ਰਾਸ਼ਟਰੀ ਆਰਥਿਕ ਕੌਂਸਲ ਦੇ ਮੁਖੀ ਲੇਲ ਬੇਨਾਰਡ ਦਾ ਕਹਿਣਾ ਹੈ ਕਿ ਚੀਨ ਵਿਦੇਸ਼ੀ ਬਾਜ਼ਾਰਾਂ ਨੂੰ ਵੱਡੇ ਪੱਧਰ 'ਤੇ ਆਪਣੀਆਂ ਕਾਰਾਂ ਅਤੇ ਹੋਰ ਵਾਹਨਾਂ ਦੀ ਸਪਲਾਈ ਕਰ ਰਿਹਾ ਹੈ। ਇਹਨਾਂ ਵਿੱਚੋਂ ਬਹੁਤ ਸਾਰੇ ਵਾਹਨ ਲਗਾਤਾਰ ਅਮਰੀਕੀ ਬੁਨਿਆਦੀ ਢਾਂਚੇ ਬਾਰੇ ਜਾਣਕਾਰੀ ਇਕੱਠੀ ਕਰ ਸਕਦੇ ਹਨ। ਡਰਾਈਵਰ ਦੇ ਸਮਾਰਟਫ਼ੋਨ ਜਾਂ ਆਸ-ਪਾਸ ਚੱਲ ਰਹੀਆਂ ਕਾਰਾਂ ਰਾਹੀਂ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।ਅਮਰੀਕੀ ਸਰਕਾਰ ਚੀਨੀ ਵਾਹਨਾਂ 'ਤੇ 25 ਫੀਸਦੀ ਟੈਰਿਫ ਲਗਾ ਸਕਦੀ ਹੈ।


Punjab TRAVELS




ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।



ਜੀਵਨ ਸਿੰਘ ਮੋਗਾ

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

**Ph : 604-825-3075, 604-744-4400**

**2642 Cedar Park Abbotsford, British Columbia V2T 3S5**

**SekCheck FINGERPRINTING SERVICES**

*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver

**Ph:604-628-4446, 778-536-1188**

**#255-13711-72Ave Surrey, BC**



# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

## ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

## ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਇਸ ਹਫਤੇ ਦੇ ਪ੍ਰੋਗਰਾਮ



ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ 3 ਅਖੰਡਪਾਠ ਸਾਹਿਬ ਦੀ ਸੇਵਾ ਹੋ ਰਹੀ ਹੈ:

1. ਨਗਰ ਬੁਤਾਲ ਜ਼ਿਲ੍ਹਾ ਕਪੂਰਥਲਾ ਦੀ ਸੰਗਤ ਵੱਲੋਂ 2. ਭਾਈ ਮਲਕੀਤ ਸਿੰਘ ਪਰਿਵਾਰ ਵੱਲੋਂ

3. ਭਾਈ ਪਰਮਜੋਤ ਸਿੰਘ ਪਰਿਵਾਰ ਵੱਲੋਂ ਇਹ ਅਖੰਡਪਾਠ ਸਾਹਿਬ 8 ਮਾਰਚ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 10 ਮਾਰਚ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*8 ਮਾਰਚ ਦਿਨ ਸ਼ੁੱਕਰਵਾਰ ਨੂੰ ਦੁਪਹਿਰ 2.30 ਵਜੇ ਸਵ. ਬੀਬੀ ਬਲਵੀਰ ਕੌਰ ਹੋਠੀ ਦਾ ਅੰਤਮ ਸਸਕਾਰ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ।ਉਪਰੰਤ ਗੁਰੂਘਰ ਵਿਖੇ ਸ਼ਾਮ 4 ਵਜੇ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*9 ਮਾਰਚ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 3 ਪਰਿਵਾਰਾਂ ਵੱਲੋਂ ਹੋਵੇਗੀ:

1. ਭਾਈ ਅੰਮ੍ਰਿਤਪਾਲ ਸਿੰਘ ਪਰਿਵਾਰ ਵੱਲੋਂ ਆਪਣੇ ਬੇਟੇ ਬਲਰਾਜ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿਚ

2. ਭਾਈ ਸੁਖਜੀਤ ਸਿੰਘ ਪਰਿਵਾਰ ਵੱਲੋਂ 3. ਭਾਈ ਗੁਰਪਾਲ ਸਿੰਘ ਹੁੰਡਲ ਪਰਿਵਾਰ ਵੱਲੋਂ ਪੋਤਰੇ ਦੇ ਜਨਮ ਦਿਨ ਦੀ ਖੁਸ਼ੀ ਵਿਚ

*ਕਾ ਲੰਗਰ ਅਤੁੱਟ ਵਰਤੇਗਾ।

*10 ਮਾਰਚ ਦਿਨ ਐਤਵਾਰ ਨੂੰ ਸਵੇਰੇ 10 ਵਜੇ ਸਵ. ਬੀਬੀ ਸਤਵੰਤ ਕੌਰ ਬਡਿਆਲ ਦਾ ਅੰਤਮ ਸਸਕਾਰ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ।ਉਪਰੰਤ ਗੁਰੂਘਰ ਵਿਖੇ ਸਵੇਰੇ 11.30 ਵਜੇ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*11 ਮਾਰਚ ਦਿਨ ਸੋਮਵਾਰ ਨੂੰ ਸਵੇਰੇ 10 ਵਜੇ ਸਵ. ਬੀਬੀ ਕੁਲਵਿੰਦਰ ਕੌਰ ਦਾ ਅੰਤਮ ਸਸਕਾਰ ਵੈਲੀਵਿਊ ਫਿਊਨਰਲ ਹੋਮ ਸਰੀ(72ਐਵੇਨਿਊ) ਵਿਖੇ ਹੋਵੇਗਾ।ਉਪਰੰਤ ਗੁਰੂਘਰ ਵਿਖੇ ਸਵੇਰੇ 11.30 ਵਜੇ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਰਸ਼ਪਾਲ ਸਿੰਘ ਫਾਜ਼ਿਲਕਾ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 604-590-3224**

# 2 ਪੰਜਾਬੀ ਪੁਲਿਸ ਅਧਿਕਾਰੀਆਂ ਨੂੰ 'ਆਰਡਰ ਆਫ਼ ਮੈਰਿਟ' ਨਾਲ ਨਿਵਾਜਿਆ



ਐਬਟਸਫੋਰ: ਕੈਨੇਡਾ ਦੀ ਗਵਰਨਰ ਜਨਰਲ ਮੈਰੀ ਸਾਈਮਨ ਵਲੋਂ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਸੀਨੀਅਰ ਪੰਜਾਬੀ ਅਧਿਕਾਰੀ ਸ਼ਰਨਜੀਤ ਸਿੰਘ ਸ਼ਾਨ ਗਿੱਲ ਤੇ ਗੁਰਮੁਖ ਸਿੰਘ 'ਬਿਲ ਪਰਮਾਰ' ਨੂੰ ਕੈਨੇਡਾ ਪੁਲਿਸ ਦੇ ਉੱਚ ਸਨਮਾਨ 'ਆਰਡਰ ਆਫ਼ ਮੈਰਿਟ' ਨਾਲ ਨਿਵਾਜਿਆ ਗਿਆ। ਜ਼ਿਲ੍ਹਾ ਮੋਗਾ ਦੇ ਬਾਘਾਪੁਰਾਣਾ ਨੇੜਲੇ ਪਿੰਡ ਰਾਜੇਆਣਾ ਦੇ ਜੰਮਪਲ ਸ਼ਰਨਜੀਤ ਸਿੰਘ ਗਿੱਲ ਸੰਨ 1989 'ਚ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਵਿੱਚ ਬਤੌਰ ਕਾਂਸਟੇਬਲ ਭਰਤੀ ਹੋਏ ਸਨ।

ਸ਼ਰਨਜੀਤ ਸਿੰਘ ਗਿੱਲ ਤੇ ਗੁਰਮੁਖ ਸਿਘ ਪਰਮਾਰ ਨੂੰ ਇਹ ਉੱਚ ਸਨਮਾਨ ਉਨ੍ਹਾਂ ਵਲੋਂ ਪੁਲਿਸ ਵਿਭਾਗ ਵਿੱਚ ਸ਼ਾਨਦਾਰ ਸੇਵਾਵਾਂ ਬਦਲੇ ਦਿੱਤਾ ਗਿਆ ਹੈ। ਕਾਂਸਟੇਬਲ ਤੋਂ ਇੰਸਪੈਕਟਰ ਤੇ ਫਿਰ ਸੁਪਰਡੈਂਟ ਅਤੇ ਹੁਣ ਚੀਫ਼ ਸੁਪਰਡੈਂਟ ਵਜੋਂ ਸੇਵਾਵਾਂ ਨਿਭਾ ਰਹੇ ਹਨ। ਉਹ ਜਾਂਚ ਏਜੰਸੀ ਇੰਟਾਗਰੇਟਿਡ ਹੋਮੋਸਾਈਡ ਇਨਵੈਸਟੀਗੇਸ਼ਨ ਟੀਮ ਦੇ ਵੀ ਆਪ੍ਰੇਸ਼ਨ ਅਧਿਕਾਰੀ ਰਹੇ ਹਨ। ਜਦ ਕਿ 1997 'ਚ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ 'ਚ ਭਰਤੀ ਹੋਏ ਗੁਰਮੁਖ ਸਿੰਘ ਪਰਮਾਰ ਸੁਪਰਡੈਂਟ ਵਜੋਂ ਸੇਵਾਵਾਂ ਨਿਭਾ ਰਹੇ ਹਨ।

ਆਪਣੇ ਵਪਾਰ ਦੇ ਵਾਧੇ ਲਈ/ਵਿਆਹ ਦੇ ਰਿਸ਼ਤੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ:604-590-5200









# ਸਿਹਤ ਸੰਬੰਧੀ





# ਬਜ਼ੁਰਗਾਂ ਵਿੱਚ ਭੁੱਲਣ ਦੀ ਸਮੱਸਿਆ ਅਤੇ ਹੋਮਿਓਪੈਥੀ

ਉਂਝ ਤਾਂ ਭੁੱਲਣ ਦੀ ਸਮੱਸਿਆ ਕਿਸੇ ਨੂੰ ਵੀ ਉਮਰ ਦੇ ਵੱਖ-ਵੱਖ ਪੜਾਵਾਂ ਉੱਤੇ ਹੋ ਸਕਦੀ ਹੈ, ਪਰ ਕਈਆਂ ਵਿੱਚ ਵਧਦੀ ਉਮਰ ਦੇ ਨਾਲ-ਨਾਲ ਭੁਲੱਕਣਪੁਣਾ ਵਧਣਾ ਦਿਖਾਈ ਦਿੰਦਾ ਹੈ। ਇਸ ਲੇਖ ਰਾਹੀਂ ਬਜ਼ੁਰਗਾਂ ਵਿੱਚ ਭੁੱਲਣ ਦੀ ਸਮੱਸਿਆ ਅਤੇ ਯਾਦਾਸ਼ਤ ਦੀ ਘਾਟ ਜਾਂ ਯਾਦਾਸ਼ਤ ਗਵਾਉਣ ਦੇ ਵਿਸ਼ੇ 'ਤੇ ਚਾਨਣ ਪਾਇਆ ਜਾਵੇਗਾ। ਦਿਮਾਗ ਨੂੰ ਮਿਲਦੀ ਖ਼ੁਰਾਕ "ਨਿਊਰੋਟ੍ਰਾਂਸਮਿਟਰ" ਦੀ ਉਪਜ ਵਾਸਤੇ ਇੰਧਣ ਦਾ ਕੰਮ ਕਰਨ ਦੇ ਨਾਲ-ਨਾਲ "ਐਂਟੀ ਆਕਸੀਡੈਂਟ" ਨੂੰ ਵੀ ਬਰਕਰਾਰ ਰੱਖਦੀ ਹੈ।

ਭੁੱਲਣ ਦੀ ਬਿਮਾਰੀ ਦੇ ਪਿੱਛੇ ਅਨੇਕਾਂ ਕਾਰਣ ਹੋ ਸਕਦੇ ਹਨ ਜਿਨ੍ਹਾਂ ਤੋਂ ਆਮ ਜ਼ਿੰਦਗੀ ਵਿੱਚ ਆਸਾਨੀ ਨਾਲ ਬਚਿਆ ਜਾ ਸਕਦਾ ਹੈ।

ਅਲੂਮਨਮ, ਸਿੱਕਾ (ਲੈੱਡ), ਮਰਕਰੀ (ਪਾਰਾ),



ਅਤੇ ਵਾਧੂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨਾਲ ਖੇਤਾਂ ਵਿੱਚ ਉਗਾਈ ਭੋਜਨ ਸਮੱਗਰੀ ਖਾਣ ਨਾਲ ਜਿੱਥੇ ਦਿਮਾਗ ਉੱਪਰ ਮਾੜਾ ਪ੍ਰਭਾਵ ਪੈਂਦਾ ਹੈ ਉੱਥੇ ਹੀ ਦਿਮਾਗ ਨੂੰ ਸੀਲੇਨੀਏਮ, ਵਿਟਾਮਿਨ ਈ ਅਤੇ ਫ਼ੋਲਿਕ ਐਸਿਡ ਜਿਹੇ ਕਈ ਤਰ੍ਹਾਂ ਦੇ ਪੋਸ਼ਕ ਤੱਤਾਂ ਦੀ ਵੀ ਘਾਟ ਹੋ ਜਾਂਦੀ ਹੈ। ਬਜ਼ੁਰਗਾਂ ਵਿੱਚ "ਅਲਜ਼ਾਈਮਰਜ਼" (ਭੁੱਲਣ ਦੀ ਬਿਮਾਰੀ) ਇੱਕ ਭਿਆਨਕ ਬਿਮਾਰੀ ਹੈ ਜਿਸ ਦੇ ਕਾਰਣ ਅਸਪਸ਼ਟ ਹਨ। ਅਮਰੀਕਾ ਵਿੱਚ 65 ਸਾਲ ਤੋਂ ਵਡੇਰੀ ਉਮਰ ਦੇ ਲਗਭਗ 10% ਬਜ਼ੁਰਗ ਇਸ ਬਿਮਾਰੀ ਨਾਲ ਪੀੜਤ ਹਨ।

40 ਤੋਂ 65 ਸਾਲ ਦੇ ਉਮਰ ਵਰਗ ਵਿੱਚ ਲਗਭਗ 5% ਵਿਅਕਤੀ ਇਸ ਬਿਮਾਰੀ ਤੋਂ ਪ੍ਰਭਾਵਿਤ ਹਨ। ਭੁੱਲਣ ਦੀ ਆਦਤ 20 ਤੋਂ 40 ਸਾਲ ਦੀ ਉਮਰ ਵਿਚਕਾਰ ਵੀ ਸ਼ੁਰੂ ਹੋ ਸਕਦੀ ਹੈ, ਪਰ ਇਹ ਵੇਖਣ ਵਿੱਚ ਵੀ ਆਇਆ ਹੈ ਕਿ ਲਗਭਗ 40% ਕੇਸਾਂ ਵਿੱਚ ਇਸ ਬਿਮਾਰੀ ਦੀ ਸਹੀ ਪਛਾਣ ਹੀ ਨਹੀਂ ਹੁੰਦੀ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579

ਡਮੈਨਸ਼ੀਆ ਜਾਂ ਦਿਮਾਗੀ ਨਿਘਾਰ ਦਾ ਪਤਾ ਕਰਨ ਲਈ ਦਿਮਾਗ ਦੀ ਨਾੜੀਆਂ ਦੇ ਸਖ਼ਤ ਹੋਣ ਜਾਂ ਅਧਰੰਗ ਦੇ ਛੋਟੇ-ਛੋਟੇ ਦੌਰੇ ਪੈਣ ਜਿਹੇ ਹੋਰਨਾਂ ਸੰਭਾਵੀ ਕਾਰਣਾਂ ਦੀ ਪਰਖ ਕੀਤੀ ਜਾਣੀ ਵੀ ਜ਼ਰੂਰੀ ਹੈ। ਸਰੀਰ ਵਿੱਚ ਪਾਣੀ ਦੀ ਕਮੀ, ਉਦਾਸੀ ਰੋਗ ਅਤੇ ਨਸ਼ੇ ਦੀ ਆਦਤ ਵੀ ਇਸ ਰੋਗ ਵਿੱਚ ਯੋਗਦਾਨ ਪਾ ਸਕਦੀਆਂ ਹਨ। ਦਿਮਾਗੀ ਸਿਹਤ ਵਾਸਤੇ ਜਿੱਥੇ ਸਰੀਰਕ ਕਸਰਤ ਅਤੇ ਦਿਮਾਗੀ ਕਸਰਤ ਦੀ ਵੱਡੀ ਭੂਮਿਕਾ ਹੈ, ਉੱਥੇ ਹੀ ਸਾਡੀ ਜੀਵਨ ਸ਼ੈਲੀ ਅਤੇ ਭੋਜਨ ਉੱਤੇ ਵੀ ਇੱਕ ਚੰਗੀ ਦਿਮਾਗੀ ਸਿਹਤ ਉਸਰਦੀ ਹੈ। ਹੇਠਾਂ ਦਿੱਤੇ ਕੁਝ ਫਲ ਅਤੇ ਸਬਜ਼ੀਆਂ ਦਿਮਾਗੀ ਸਿਹਤ ਅਤੇ ਯਾਦਾਸ਼ਤ ਨੂੰ ਸਹੀ ਰੱਖਣ ਲਈ ਸਹਾਈ ਹੋ ਸਕਦੀਆਂ ਹਨ:

- ਐਵੋਕਾਡੋ
- ਚੁਕੰਦਰ
- ਬਲੂਬੈਰੀਆਂ
- ਬ੍ਰੌਕਲੀ
- ਸੈਲਰੀ
- ਖੋਪੇ ਦਾ ਤੇਲ
- ਡਾਰਕ ਚਾਕਲੇਟ
- ਅੰਡੇ ਦਾ ਯੋਕ
- ਐਕਸਟ੍ਰਾ ਵਰਜਿਨ ਆਲਿਵ ਓਇਲ
- ਹਰੀਆਂ ਸਬਜ਼ੀਆਂ
- ਰੋਜ਼ਮੈਰੀ
- ਸੈਲਮਨ
- ਹਲਦੀ
- ਅਖਰੋਟ

**ਹੋਮਿਓਪੈਥਿਕ ਉਪਚਾਰ:**

ਦਿਮਾਗੀ ਸਿਹਤ ਦੀ ਦੇਖਭਾਲ ਅਤੇ ਤੰਦਰੁਸਤੀ ਵਾਸਤੇ ਹੋਮਿਓਪੈਥੀ ਦੀਆਂ ਕਾਰਗਰ ਦਵਾਈਆਂ ਸਹਾਇਕ ਹੋ ਸਕਦੀਆਂ ਹਨ ਜਿਨ੍ਹਾਂ ਰਾਹੀਂ ਦਿਮਾਗ ਨੂੰ ਪੋਸ਼ਣ ਅਤੇ ਆਕਸੀਜਨ ਦੀ ਲੋੜੀਂਦੀ ਸਪਲਾਈ ਮਿਲਦੀ ਹੈ। ਸਹੀ ਦਵਾਈ ਦੀ ਵਰਤੋਂ ਨਾਲ "ਨਿਊਰੋਟ੍ਰਾਂਸਮਿਟਰ ਪ੍ਰਣਾਲੀ" ਉੱਪਰ ਵਧੀਆ ਪ੍ਰਭਾਵ ਪੈਂਦਾ ਹੈ। ਹੋਮਿਓਪੈਥਿਕ ਦਵਾਈਆਂ ਰਾਹੀਂ ਦਿਮਾਗੀ ਇਕਾਗਰਤਾ ਅਤੇ ਯਾਦਾਸ਼ਤ ਨੂੰ ਬਰਕਰਾਰ ਰੱਖਣ ਅਤੇ ਵਧਾਉਣ ਵਾਸਤੇ ਮਦਦ ਮਿਲ ਸਕਦੀ ਹੈ।

ਯਾਦਾਸ਼ਤ ਦੀਆਂ ਮਾਮੂਲੀ ਸਮੱਸਿਆਵਾਂ ਵਿੱਚ ਹੋਮਿਓਪੈਥੀ ਦੀ "30 ਪੋਟੈਂਸੀ" ਦੀ ਢੁਕਵੀਂ ਦਵਾਈ ਲਈ ਜਾ ਸਕਦੀ ਹੈ। ਪਰ, ਵਿਗੜੀ ਹੋਈ ਯਾਦਾਸ਼ਤ ਦੀ ਸਥਿਤੀ ਵਿੱਚ ਸਹੀ ਦਵਾਈ ਦੀ ਛੋਟੀ ਤੋਂ ਛੋਟੀ ਤਾਕਤ ਲੈਣੀ ਫ਼ਾਇਦੇਮੰਦ ਹੋ ਸਕਦੀ ਹੈ।

ਢੁਕਵੀਂ ਦਵਾਈ ਅਤੇ ਉਸ ਦੀ ਸਹੀ ਪੋਟੈਂਸੀ ਦੀ ਚੋਣ ਸਿਰਫ਼ ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਹੀ ਕਰ ਸਕਦਾ ਹੈ ਅਤੇ ਆਪਣੇ ਬ਼ਗੈਰ ਮਾਹਿਰ ਸਲਾਹ ਤੋਂ ਹੋਮਿਓਪੈਥਿਕ ਦਵਾਈਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਲੱਛਣਾ ਮੁਤਾਬਕ ਕੁਝ ਦਵਾਈਆਂ ਜਿਵੇਂ ਕਿ ਅਨਾਕਾਰਡੀਅਮ, ਬ੍ਰੈਟਾ ਕਾਰਬ, ਕੋਨੀਅਮ, ਲਾਇਕੋਪੋਡੀਅਮ, ਥੂਜਾ ਆਦਿ ਤਜਵੀਜ਼ ਕੀਤੀਆਂ ਜਾ ਸਕਦੀਆਂ ਹਨ।


ਨਸ਼ਿਆਂ ਤੋਂ ਛੁਟਕਾਰਾ ਪਾਓ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।



End Your Addiction
at Night and Day Recovery Centre

*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD & 
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਕਵਿਤਾਵਾਂ

## ਅਜੋਕਾ ਸਮਾਜ

## ਛੜਾ ਸੰਸਾਰ

ਪ੍ਰਗਤੀਸ਼ੀਲ ਇਸ ਦੁਨੀਆ ਵਿੱਚ,
ਭਰਮਾਰ ਬੜੀ ਹੈ ਛੜਿਆਂ ਦੀ।
ਰੋਜ਼ ਉਭਰ ਰਿਹਾ ਇਹ ਮਸਲਾ,
ਚਿੰਤਾ ਹੈ ਭਵਿੱਖ ਦੇ ਵਰ੍ਹਿਆਂ ਦੀ।
ਵਧ ਰਹੀ ਹੈ ਗਿਣਤੀ ਨਿਸ ਦਿਨ,
ਸਮਾਜਿਕ ਨਕਸ਼ਾ ਬਦਲ ਰਿਹਾ,
ਕਦੀ ਛੜੇ ਸਨ ਟਾਂਵੇਂ ਟਾਂਵੇਂ,
ਅੱਜ ਥੋੜ੍ਹ ਹੈ ਵਿਆਹਿਆਂ ਵਰਿਆਂ ਦੀ।
ਕਦੀ ਕੁਰਬਲ਼ ਕੁਰਬਲ਼ ਹੁੰਦੀ ਸੀ,
ਵਿਹੜਿਆਂ ਦੇ ਵਿੱਚ ਬਾਲਾਂ ਦੀ,
ਅੱਜ ਉੱਜੜੇ ਉੱਜੜੇ ਵਿਹੜੇ ਨੇ,
ਤਸਵੀਰ ਗੁੰਮ ਹੈ ਵਿਹੜੇ ਭਰਿਆਂ ਦੀ।
ਚੁੱਲ੍ਹਿਆਂ ਵਿੱਚ ਨਹੀਂ ਹੁਣ ਅੱਗਾਂ,
'ਤੇ ਪਾਣੀ ਮੁੱਕ ਰਹੇ ਘੜਿਆਂ 'ਚੋਂ,
ਦਾਲ਼ ਹੁਣ ਗ਼ਲਦੀ ਨਹੀਂ ਲੱਗਦੀ,
ਕਿਸੇ ਪਾਸੇ ਵਖ਼ਤ ਦੇ ਫੜਿਆਂ ਦੀ।
ਕਈ ਬੀਬੀਆਂ ਬੀਬੇ ਫਿਰਦੇ ਨੇ,
ਕੱਲੇ ਕੱਲੇ 'ਤੇ ਕਹਿਰੇ ਕਹਿਰੇ,
ਅਕਲ ਦੀ ਗੱਲ ਕੋਈ ਸੁਣਦਾ ਨਹੀਂ,
ਹੁਣ ਪੇਸ਼ ਨਹੀਂ ਜਾਂਦੀ ਬੜਿਆਂ ਦੀ।
ਅੱਜ ਆਦਮ ਹੈ ਕੁਦਰਤ 'ਤੇ ਭਾਰੂ,
ਕੱਲ੍ਹ ਕੁਦਰਤ ਕਰਵਟ ਬਦਲੇਗੀ,
ਫੇਰ ਕੋਈ ਚਲਾਕੀ ਨਹੀਂ ਚੱਲਣੀ,
ਅਕਲਾਂ ਦੇ ਭਰੇ ਹੋਏ ਘੜਿਆਂ ਦੀ।
ਸਮਤੋਲ ਜਲਦੀ ਵਿਗੜ ਜਾਵੇਗਾ,
ਦੁਨੀਆ ਦੇ ਤਾਣੇ ਬਾਣੇ ਦਾ,
ਛੜੇ ਢਾਣੀਆਂ ਲਾ ਲਾ ਬੈਠਣਗੇ,
ਭਰਮਾਰ ਹੋਵੇਗੀ ਥੜ੍ਹਿਆਂ ਦੀ।
ਥਾਂ ਥਾਂ 'ਤੇ ਬਿਰਧ ਆਸ਼ਰਮਾਂ ਦੇ,
ਅਸਥਾਨ ਹੋਰ ਹੁਣ ਖੁੱਲ੍ਹਣਗੇ,
ਧੀਆਂ ਪੁੱਤਰ ਨਹੀਂ ਲੱਭਣਗੇ,
ਜੋ ਹਾਲ ਪੁੱਛਣ ਬੇ-ਘਰਿਆਂ ਦੀ।
ਪਰਿਵਾਰ ਨਿਯੋਜਨ ਦੀ ਲੋੜ ਨਹੀਂ,
ਨਾ ਜਨ ਸੰਖਿਆ ਨੂੰ ਗਿਣਨੇ ਦੀ,
ਬੱਸ ਪੱਟੀ ਮੇਸ ਹੋ ਜਾਣੀ ਹੈ,
ਆਦਮ ਹੱਵਾ ਦੇ ਜਣਿਆਂ ਦੀ।



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ ਕੇ

## ਕਿਸਾਨੀ ਸੰਘਰਸ਼ ਨੂੰ ਸਮਰਪਿਤ ''ਵਿਰਾਸਤ''

ਅੰਮ੍ਰਿਤ ਵੇਲੇ, ਸੰਗੀਨਾਂ ਦੀ ਛਾਂ ਹੇਠ
ਸ਼ੰਭੂ ਬਾਰਡਰ 'ਤੇ ਜਪਜੀ ਦਾ ਪਾਠ ਕਰ ਰਹੇ
ਆਪਣੇ ਹੱਕਾਂ ਲਈ ਜੂਝਣ ਵਾਲੇ ਕਿਸਾਨਾਂ ਦੀ
ਇਹ ਅਡੋਲਤਾ ਗੁਰਬਾਣੀ, ਸਿੱਖ ਇਤਿਹਾਸ
ਅਤੇ ਵਿਰਾਸਤ ਸਦਕਾ ਹੈ
ਉਹ ਵਿਰਾਸਤ,
ਜਿੱਥੇ ਤਵੀ ਤੇ ਬੈਠੇ ਸਤਿਗੁਰੂ ਅਰਜਨ ਸਾਹਿਬ
'ਤੇਰਾ ਕੀਆ ਮੀਠਾ ਲਾਗੈ' ਫਰਮਾਉਂਦੇ ਹਨ
ਉਹ ਵਿਰਾਸਤ,
ਜਿੱਥੇ ਦਿੱਲੀ ਦੇ ਚਾਂਦਨੀ ਚੌਂਕ ਵਿੱਚ
ਸਤਿਗੁਰੂ ਤੇਗ ਬਹਾਦਰ ਸਾਹਿਬ
ਅਤੇ ਅਨਿਨ ਸਿੱਖ ਸ਼ਹੀਦੀ ਪਾਉਂਦੇ ਹਨ
ਉਹ ਵਿਰਾਸਤ,
ਜਿੱਥੇ ਸਰਸਾ ਦੇ ਕੰਡੇ 'ਤੇ ਦਸਮੇਸ਼ ਪਿਤਾ
ਯੁੱਧ ਦੌਰਾਨ ਆਸਾ ਜੀ ਦੀ ਵਾਰ ਲਾਉਂਦੇ ਹਨ
ਉਹ ਵਿਰਾਸਤ,
ਜਿੱਥੇ ਸ਼ਹੀਦ ਬੰਦਾ ਸਿੰਘ ਬਹਾਦਰ ਦੇ
ਬਾਲੜੇ ਦਾ ਕਾਲਜਾ ਪਿਤਾ ਦੇ ਮੂੰਹ 'ਚ
ਪਾਉਣ 'ਤੇ ਵੀ ਖਾਲਸੇ ਦੀ ਚੜ੍ਹਦੀ ਕਲਾ ਹੈ
ਉਹ ਵਿਰਾਸਤ,
ਜਿੱਥੇ ਮੁਗਲੀਆ ਹਕੂਮਤ ਨਾਲ ਆਢਾ ਲੈਂਦਿਆਂ
ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ
'ਖਾਲਸਾ ਰਾਜ' ਦੀ ਸ਼ਕਤੀ ਦਰਸਾਉਂਦੇ ਨੇ
ਉਹ ਵਿਰਾਸਤ,
ਜਿੱਥੇ ਬ੍ਰਿਟਿਸ਼ ਭਾਰਤੀ ਹਕੂਮਤ ਨਾਲ ਯੁੱਧ ਕਰਦਿਆਂ
ਸਿੰਘ ਗੁਰੂ ਕੇ ਬਾਗ ਅਤੇ ਨਨਕਾਣਾ ਸਾਹਿਬ
ਦੇ ਸ਼ਹੀਦੀ ਸਾਕਿਆਂ ਮੌਕੇ ਅਡੋਲ ਰਹਿੰਦੇ ਹਨ
ਉਹ ਵਿਰਾਸਤ,
ਜਿੱਥੇ ਪੰਜਾਬ ਦੀ ਜ਼ਾਲਮ ਹਕੂਮਤ ਦੇ
ਤਸ਼ੱਦਦ ਦੇ ਬਾਵਜੂਦ ਖਾਲਸੇ
ਦਰਬਾਰ ਸਾਹਿਬ ਦੇ ਸ਼ਹੀਦੀ ਸਾਕੇ ਮੌਕੇ
ਅਡੋਲ ਰਹਿ ਕੇ ਬਾਣੀ ਦਾ ਜਾਪ ਕਰਦੇ ਹਨ
ਉਹ ਵਿਰਾਸਤ
ਜਿੱਥੇ ਭਾਰਤ ਭਰ ਵਿੱਚ ਸਰਕਾਰੀ ਸ਼ਹਿ ਤੇ ਹੋਈ
ਸਿੱਖ ਨਸਲਕੁਸ਼ੀ ਦੇ ਦੁਖਾਂਤ ਨੂੰ ਚੇਤੇ ਕਰਦਿਆਂ
ਸਿੱਖ ਕੌਮ ਦੁਨੀਆ ਭਰ 'ਚ ਖੂਨਦਾਨ ਕੈਂਪ ਲਾਉਂਦੀ ਹੈ
ਉਹ ਵਿਰਾਸਤ,
ਜਿੱਥੇ ਮੌਜੂਦਾ ਫਾਸ਼ੀਵਾਦੀ ਸਟੇਟ ਦੇ ਜਬਰ ਤੋਂ ਬੇਖੌਫ
ਕਿਸਾਨਾਂ ਵੱਲੋਂ ਅੰਮ੍ਰਿਤ
ਵੇਲੇ ਜਪੁਜੀ ਦਾ ਪਾਠ
ਸ਼ੰਭੂ ਬਾਰਡਰ 'ਤੇ ਮੌਤ ਦੇ
ਸਾਏ ਹੇਠ ਹੋ ਰਿਹਾ ਹੈ।
ਇਸ ਗੌਰਮਈ ਬਿਰਤਾਂਤ
ਪਿੱਛੇ ਸ਼ਾਨਾਮੱਤਾ ਮਹਾਨ
ਵਿਰਸਾ ਹੈ।
ਜਿਹੜੀਆਂ ਕੌਮਾਂ ਦਾ
ਅਤੀਤ ਮਹਾਨ ਹੁੰਦਾ ਹੈ
ਉਹਨਾਂ ਦਾ ਭਵਿੱਖ ਚੜ੍ਹਦੀ
ਕਲਾ ਵਾਲਾ ਹੁੰਦਾ ਹੈ।



ਡਾ. ਗੁਰਵਿੰਦਰ ਸਿੰਘ






FRASERVIEW MEATS

FRASERVIEW MEATS
Fresh tastes better

The Name of Guaranteed Quality Meats



Number One Quality Meat in Lower Mainland

We also sell cooked chicken
We take orders for all occassion

Serving You Since 1993

Try our Special Chicken Tikkar



Jagir S. Nagra

604-592-2900

#102-12047-80th Ave. Surrey (Besides Mega Fruticana)
www.fraserviewmeats.com

Rai Express Lines Ltd.



Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

Call today 604-503-6900

Email-kal@raiexpresslines.com www. raiexpressline.com

Unit 125-7475 135th Street, BC V3W 0M8

ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ
ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

778-928-4522, 778-565-4141, 778-565-3232


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
Special Sale 3 PCS Set $1150
2 PCS SOFA & LOVE SEAT $1550
2 PCS SOFA & LOVE SEAT $1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

ਦੇਗ ਤੇਗ ਫਤਹਿ

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



**ਬੁੱਧਵਾਰ ਅਤੇ ਐਤਵਾਰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਬੀਬੀਆਂ ਵੱਲੋਂ ਮੇਨ ਹਾਲ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕੀਤੇ ਜਾਂਦੇ ਹਨ ਅਤੇ ਸੋਮਵਾਰ ਤੋਂ ਸ਼ੁੱਕਰਵਾਰ ਦੁਪਹਿਰ 1 ਵਜੇ ਤੋਂ 3 ਵਜੇ ਤੱਕ ਵਾਹਿਗੁਰੂ ਸਿਮਰਨ ਕੀਤਾ ਜਾਂਦਾ ਹੈ**

## ਸਵੇਰ ਦੇ ਨਿਤਨੇਮ

*ਪ੍ਰਕਾਸ਼ ਸਵੇਰੇ 3.30 ਵਜੇ
*ਸਿਮਰਨ ਸਵੇਰੇ 4 ਵਜੇ ਤੋਂ 5 ਵਜੇ ਤੱਕ
*5 ਬਾਣੀਆਂ ਦੇ ਨਿਤਨੇਮ 5 ਵਜੇ ਤੋਂ 6.30 ਵਜੇ ਤੱਕ
*ਕੀਰਤਨ ਆਸਾ ਦੀ ਵਾਰ 6.30 ਤੋਂ 8 ਵਜੇ ਤੱਕ
*ਕਥਾ 8 ਵਜੇ ਤੋਂ 9 ਵਜੇ ਤੱਕ
ਉਪਰੰਤ ਅਰਦਾਸ ਅਤੇ ਸਮਾਪਤੀ

## ਸ਼ਾਮ ਦੇ ਨਿਤਨੇਮ

*ਸ਼ਬਦ ਕੀਰਤਨ 2.45 ਤੋਂ 3.45 ਤੱਕ
*ਸੋ-ਦਰ ਚੌਂਕੀ 3.45 ਤੋਂ 4.45 ਤੱਕ
*ਪਾਠ ਸ੍ਰੀ ਰਹਿਰਾਸ ਸਾਹਿਬ ਅਤੇ ਅਰਦਾਸ 4.45 ਤੋਂ 5.30
*ਆਰਤੀ ਚੌਂਕੀ 5.30 ਤੋਂ 6.15
*ਕਥਾ 6.15 ਤੋਂ 6.50 ਵਜੇ ਤੱਕ
*ਢਾਡੀ 6.50 ਤੋਂ 7.40 ਤੱਕ
ਉਪਰੰਤ ਅਰਦਾਸ ਅਤੇ ਸਮਾਪਤੀ

## ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਗੁਰਇੰਦਰ ਸਿੰਘ ਜ਼ੀਰਾ ਵਾਲਿਆਂ ਦਾ ਜਥਾ, ਭਾਈ ਅਵਤਾਰ ਸਿੰਘ ਲੁਧਿਆਣਾ ਵਾਲੇ,
ਢਾਡੀ ਜਥਾ:ਭਾਈ ਮਨਪ੍ਰੀਤ ਸਿੰਘ ਅਕਾਲਗੜ




## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530

ਬਲਵੀਰ ਸਿੰਘ ਬਨਵੈਤ (ਪ੍ਰਧਾਨ):604-636-4247, ਮਨਜੀਤ ਸਿੰਘ ਗਰੇਵਾਲ (ਜਨਰਲ ਸੈਕਟਰੀ):778-908-1570
ਭਾਈ ਹਰਜੀਤ ਸਿੰਘ (ਹੈੱਡ ਗ੍ਰੰਥੀ):778-201-5310, ਭਾਈ ਬਲਵਿੰਦਰ ਸਿੰਘ ਭੌਰਲਾ (ਗ੍ਰੰਥੀ), ਭਾਈ ਹੁਸ਼ਿਆਰ ਸਿੰਘ (ਗ੍ਰੰਥੀ)